30-MAR-PAGE-1.qxd 3/29/2024 9:27 PM Page 1

ਸ਼ਨੀਵਾਰ, 30 ਮਾਰਚ, 2024
17 ਚੇਤ { ਨਾਨਕਸ਼ਾਹੀ 556 / ਬਿਕਰਮੀ 2080
ਜਿਲਦ/VOL. : 72
ਅੰਕ/NO. : 299

ਨਵਾਂ ਜ਼ਮਾਨਾ

DAILY NAWAN ZAMANA • SATURDAY, 30 MARCH, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਇਨਕਮ ਟੈਕਸ ਵਿਭਾਗ ਕਾਂਗਰਸ ਤੋਂ ਬਾਅਦ ਸੀ ਪੀ ਆਈ ਦੇ ਪਿੱਛੇ ਪਿਆ

ਨਵੀਂ ਦਿੱਲੀ : ਕਾਂਗਰਸ ਨੇ ਸ਼ੁੱਕਰਵਾਰ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਆਮਦਨ ਕਰ ਵਿਭਾਗ ਨੇ ਟੈਕਸ ਰਿਟਰਨਾਂ 'ਚ ਕਥਿਤ ਗੜਬੜੀਆਂ ਲਈ 1823.08 ਕਰੋੜ ਰੁਪਏ ਦੇ ਭੁਗਤਾਨ ਲਈ ਉਸ ਨੂੰ ਨਵਾਂ ਨੋਟਿਸ ਜਾਰੀ ਕੀਤਾ ਹੈ।

ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਵਿਰੋਧੀ ਧਿਰ 'ਤੇ 'ਟੈਕਸ ਦਹਿਸ਼ਤਗਰਦੀ' ਰਾਹੀਂ ਹਮਲਾ ਕੀਤਾ ਜਾ ਰਿਹਾ ਹੈ। ਪਾਰਟੀ ਦੇ ਖਜ਼ਾਨਚੀ ਅਜੈ ਮਾਕਨ ਨੇ ਦੋਸ਼ ਲਾਇਆ ਕਿ ਕਾਂਗਰਸ ਨੂੰ ਜਿਨ੍ਹਾਂ ਮਾਪਦੰਡਾਂ ਦੇ ਆਧਾਰ 'ਤੇ ਨੋਟਿਸ ਜਾਰੀ ਕੀਤਾ ਗਿਆ ਹੈ, ਉਨ੍ਹਾਂ ਦੇ ਆਧਾਰ 'ਤੇ ਵੀ ਭਾਜਪਾ ਨੂੰ 4600 ਕਰੋੜ ਰੁਪਏ ਤੋਂ ਵੱਧ ਦੀ ਅਦਾਇਗੀ ਦਾ ਨੋਟਿਸ ਜਾਰੀ ਕੀਤਾ ਜਾਣਾ ਚਾਹੀਦਾ ਹੈ।

ਮਾਕਨ ਨੇ ਪੱਤਰਕਾਰਾਂ ਨੂੰ ਕਿਹਾ-ਕੱਲ੍ਹ ਸਾਨੂੰ ਆਮਦਨ ਕਰ ਵਿਭਾਗ ਤੋਂ 1823.08 ਕਰੋੜ ਰੁਪਏ ਦਾ ਭੁਗਤਾਨ ਕਰਨ ਦਾ ਨਵਾਂ ਨੋਟਿਸ ਮਿਲਿਆ ਹੈ। ਪਹਿਲਾਂ ਹੀ ਆਮਦਨ ਕਰ ਵਿਭਾਗ ਨੇ ਸਾਡੇ ਬੈਂਕ ਖਾਤੇ ਤੋਂ ਜ਼ਬਰਦਸਤੀ 135 ਕਰੋੜ ਰੁਪਏ ਕਢਵਾ ਲਏ ਹਨ। ਕਾਂਗਰਸ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕੀਤਾ ਜਾ ਰਿਹਾ ਹੈ। ਆਮਦਨ ਕਰ ਅਧਿਕਾਰੀਆਂ ਵੱਲੋਂ 210 ਕਰੋੜ ਰੁਪਏ ਦਾ ਜੁਰਮਾਨਾ ਲਗਾਉਣ ਅਤੇ ਉਸ ਦੇ ਬੈਂਕ ਖਾਤਿਆਂ ਨੂੰ 'ਫ੍ਰੀਜ਼' ਕਰਨ ਕਾਰਨ ਕਾਂਗਰਸ ਪਹਿਲਾਂ ਹੀ ਫੰਡ ਦੀ ਕਮੀ ਦਾ ਸਾਹਮਣਾ ਕਰ ਰਹੀ ਹੈ।

ਇਸੇ ਦੌਰਾਨ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਨੂੰ ਪਿਛਲੇ ਕੁਝ ਸਾਲਾਂ ਦੌਰਾਨ ਇਨਕਮ ਟੈਕਸ ਰਿਟਰਨ ਦਾਖਲ ਕਰਨ ਸਮੇਂ ਪੁਰਾਣੇ ਪੈਨ ਕਾਰਡ ਦੀ ਵਰਤੋਂ ਕਰਨ ਲਈ 11 ਕਰੋੜ ਰੁਪਏ ਦੇ ਬਕਾਇਆਂ ਦਾ ਭੁਗਤਾਨ ਕਰਨ ਲਈ ਆਮਦਨ ਕਰ ਵਿਭਾਗ ਨੇ ਨੋਟਿਸ ਜਾਰੀ ਕੀਤਾ ਹੈ। ਸੂਤਰਾਂ ਮੁਤਾਬਕ ਭੁਗਤਾਨ ਕੀਤੇ ਜਾਣ ਵਾਲੇ ਬਕਾਏ ਵਿਚ ਜੁਰਮਾਨਾ ਤੇ ਵਿਆਜ ਸ਼ਾਮਲ ਹਨ। ਪਾਰਟੀ ਨੇ ਕਿਹਾ ਹੈ ਕਿ ਉਹ ਇਸ ਮਾਮਲੇ ਵਿਚ ਆਪਣੇ ਵਕੀਲਾਂ ਨਾਲ ਮਸ਼ਵਰਾ ਕਰ ਰਹੀ ਹੈ।

ਉਧਰ ਤ੍ਰਿਣਮੂਲ ਕਾਂਗਰਸ ਦੇ ਰਾਜਸਭਾ ਸਾਂਸਦ ਸਾਕੇਤ ਗੋਖਲੇ ਨੇ ਕਿਹਾ ਹੈ ਕਿ ਪਿਛਲੇ 72 ਘੰਟਿਆਂ ਵਿਚ ਉਨ੍ਹਾਂ ਨੂੰ ਆਮਦਨ ਕਰ ਵਿਭਾਗ ਨੇ 11 ਨੋਟਿਸ ਜਾਰੀ ਕੀਤੇ ਹਨ। ਇਨ੍ਹਾਂ ਵਿਚ ਕੁਝ ਤਾਂ ਸੱਤ ਸਾਲ ਪੁਰਾਣੇ ਮਾਮਲਿਆਂ ਦੇ ਹਨ। ਮੋਦੀ ਸਰਕਾਰ ਨਿਰਪੱਖ ਤੇ ਆਜ਼ਾਦਾਨਾ ਚੋਣਾਂ ਨਹੀਂ ਹੋਣ ਦੇਣਾ ਚਾਹੁੰਦੀ। ਆਪੋਜ਼ੀਸ਼ਨ ਨੂੰ ਦਬਾਉਣ ਦੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਦੋਂ ਈ ਡੀ ਕੁਝ ਨਹੀਂ ਕਰ ਸਕੀ ਤਾਂ ਇਨਕਮ ਟੈਕਸ ਵਿਭਾਗ ਦੀ ਵਰਤੋਂ ਕੀਤੀ ਜਾ ਰਹੀ ਹੈ। ਭਾਜਪਾ ਏਨੀ ਬਦਹਵਾਸ ਕਿਉਂ ਹੋ ਗਈ ਹੈ।

ਬਿਹਾਰ ਦੇ ਮਹਾਗੱਠਬੰਧਨ 'ਚ ਸੀਟਾਂ ਦੀ ਵੰਡ ਦਾ ਕੰਮ ਨਿੱਬੜਿਆ

ਪਟਨਾ : ਬਿਹਾਰ ਦੇ ਮਹਾਗੱਠਬੰਧਨ ਵਿਚ ਲੋਕ ਸਭਾ ਸੀਟਾਂ ਦੀ ਵੰਡ ਹੋ ਗਈ ਹੈ। ਇਸ ਦਾ ਐਲਾਨ ਸ਼ੁੱਕਰਵਾਰ ਇੱਥੇ ਸਾਂਝੀ ਪ੍ਰੈੱਸ ਕਾਨਫਰੰਸ ਵਿਚ ਕੀਤਾ ਗਿਆ। 40 ਸੀਟਾਂ ਵਿੱਚੋਂ ਲਾਲੂ ਪ੍ਰਸਾਦ ਯਾਦਵ ਦਾ ਰਾਸ਼ਟਰੀ ਜਨਤਾ ਦਲ 26 ਸੀਟਾਂ ਉੱਤੇ ਚੋਣ ਲੜੇਗਾ। ਕਾਂਗਰਸ 9, ਸੀ ਪੀ ਆਈ (ਐੱਮ ਐੱਲ) 3 ਅਤੇ ਸੀ ਪੀ ਆਈ ਅਤੇ ਸੀ ਪੀ ਆਈ (ਐੱਮ) ਇਕ-ਇਕ ਸੀਟਾਂ 'ਤੇ ਚੋਣ ਲੜਨਗੀਆਂ। ਪੂਰਨੀਆ ਦੀ ਸੀਟ ਨੂੰ ਲੈ ਕੇ ਪੰਗਾ ਪਿਆ ਹੋਇਆ ਸੀ। ਇਹ ਸੀਟ ਰਾਜਦ ਦੇ ਖਾਤੇ ਵਿਚ ਗਈ ਹੈ। ਪਿਛਲੇ ਦਿਨੀਂ ਕਾਂਗਰਸ ਵਿਚ ਸ਼ਾਮਲ ਹੋਏ ਪੱਪੂ ਯਾਦਵ ਇਸ ਸੀਟ 'ਤੇ ਦਾਅਵਾ ਜਤਾ ਰਹੇ ਸਨ, ਜਦਕਿ ਰਾਜਦ ਨੇ ਜਨਤਾ ਦਲ (ਯੂ) ਤੋਂ ਆਈ ਬੀਮਾ ਭਾਰਤੀ ਨੂੰ ਪਹਿਲਾਂ ਹੀ ਉਮੀਦਵਾਰ ਐਲਾਨ ਦਿੱਤਾ ਸੀ। ਪਿਛਲੀਆਂ ਚੋਣਾਂ ਵਿਚ ਰਾਜਦ ਨੇ 19 ਤੇ ਕਾਂਗਰਸ ਨੇ 9 ਸੀਟਾਂ ਲੜੀਆਂ ਸਨ। ਖੱਬੀਆਂ ਪਾਰਟੀਆਂ ਨੇ ਵੱਖਰੇ ਤੌਰ 'ਤੇ 6 ਸੀਟਾਂ ਲੜੀਆਂ ਸਨ। ਦਿੱਲੀ ਵਿਚ ਰਾਜਦ ਤੇ ਕਾਂਗਰਸ ਦੇ ਆਗੂਆਂ ਵਿਚਾਲੇ ਤਿੰਨ ਦਿਨ ਚੱਲੀਆਂ ਮੀਟਿੰਗਾਂ ਵਿਚ ਸੀਟਾਂ ਦੀ ਵੰਡ ਦਾ ਫਾਰਮੂਲਾ ਤੈਅ ਹੋਇਆ। ਪਟਨਾ ਵਿਚ ਪ੍ਰੈੱਸ ਕਾਨਫਰੰਸ ਕਰਨ ਵਾਲੇ ਆਗੂਆਂ ਵਿਚ ਰਾਜਦ ਦੇ ਸੂਬਾ ਪ੍ਰਧਾਨ ਜਗਦਾਨੰਦ ਸਿੰਘ, ਕਾਂਗਰਸ ਦੇ ਸੂਬਾ ਪ੍ਰਧਾਨ ਅਖਿਲੇਸ਼ ਪ੍ਰਸਾਦ ਸਿੰਘ, ਰਾਜਦ ਆਗੂ ਅਬਦੁਲ ਬਾਰੀ ਸਿੱਦੀਕੀ, ਖੱਬੀਆਂ ਪਾਰਟੀਆਂ ਦੇ ਧੀਰੇਂਦਰ ਝਾਅ ਤੇ ਰਾਮ ਨਰੇਸ਼ ਪਾਂਡੇ ਮੌਜੂਦ ਸਨ।

ਸੀ ਪੀ ਆਈ ਬੇਗੂਸਰਾਏ, ਮਾਰਕਸੀ ਪਾਰਟੀ ਖਗੜੀਆ ਅਤੇ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਆਰਾ, ਕਾਰਾਕਾਟ ਤੇ ਨਾਲੰਦਾ ਸੀਟਾਂ ਲੜਨਗੀਆਂ। ਕਾਂਗਰਸ ਦੇ ਹਿੱਸੇ ਕਿਸ਼ਨਗੰਜ, ਕਟਿਹਾਰ, ਸਮਸਤੀਪੁਰ, ਪਟਨਾ ਸਾਹਿਬ, ਸਾਸਾਰਾਮ, ਪੱਛਮੀ ਚੰਪਾਰਨ, ਮੁਜ਼ੱਫਰਪੁਰ, ਭਾਗਲਪੁਰ ਤੇ ਮਹਾਰਾਜਗੰਜ ਸੀਟਾਂ ਆਈਆਂ ਹਨ। ਰਾਜਦ ਦੇ ਹਿੱਸੇ ਔਰੰਗਾਬਾਦ, ਗਯਾ, ਜਮੁਈ, ਨਵਾਦਾ, ਸਾਰਣ, ਪਾਟਲੀਪੁੱਤਰ, ਬਕਸਰ, ਉਜਿਯਾਰਪੁਰ, ਜਹਾਨਾਬਾਦ, ਦਰਭੰਗਾ, ਬਾਂਕਾ, ਅਰਰੀਆ, ਮੁੰਗੇਰ, ਸੀਤਾਮੜ੍ਹੀ, ਝੰਝਾਰਪੁਰ, ਮਧੁਬਨੀ, ਸੀਵਾਨ, ਸ਼ਿਵਹਰ, ਵੈਸ਼ਾਲੀ, ਹਾਜੀਪੁਰ, ਸੁਪੌਲ, ਵਾਲਮੀਕੀਨਗਰ, ਪੂਰਬੀ ਚੰਪਾਰਨ, ਪੂਰਨੀਆ, ਮਧੇਪੁਰਾ ਤੇ ਗੋਪਾਲਗੰਜ ਦੀਆਂ ਸੀਟਾਂ ਆਈਆਂ ਹਨ।

ਸਰਕਾਰ ਬਣੀ ਤਾਂ ਅੱਧੀਆਂ ਨੌਕਰੀਆਂ ਮਹਿਲਾਵਾਂ ਨੂੰ ਦੇਵਾਂਗੇ : ਰਾਹੁਲ

ਨਵੀਂ ਦਿੱਲੀ : ਰਾਹੁਲ ਗਾਂਧੀ ਨੇ ਐਲਾਨਿਆ ਹੈ ਕਿ ਕੇਂਦਰ ਵਿਚ ਸੱਤਾ 'ਚ ਆਉਣ 'ਤੇ ਸਰਕਾਰੀ ਨੌਕਰੀਆਂ 'ਚ ਮਹਿਲਾਵਾਂ ਨੂੰ 50 ਫੀਸਦੀ ਰਿਜ਼ਰਵੇਸ਼ਨ ਦਿੱਤੀ ਜਾਵੇਗੀ। ਪਾਰਟੀ ਦੀ 'ਨਾਰੀ ਨਿਆਂ' ਗਰੰਟੀ ਦਾ ਜ਼ਿਕਰ ਕਰਦਿਆਂ ਉਨ੍ਹਾ ਸ਼ੁੱਕਰਵਾਰ ਕਿਹਾ—ਅੱਜ ਵੀ ਤਿੰਨ ਵਿੱਚੋਂ ਇਕ ਮਹਿਲਾ ਦੇ ਹੱਥ ਰੁਜ਼ਗਾਰ ਕਿਉਂ ਹੈ? 10 ਸਰਕਾਰੀ ਨੌਕਰੀਆਂ ਵਿੱਚੋਂ ਸਿਰਫ ਇਕ ਮਹਿਲਾ ਕੋਲ ਕਿਉਂ ਹੈ? ਕੀ ਭਾਰਤ ਦੀ ਆਬਾਦੀ ਵਿਚ ਮਹਿਲਾਵਾਂ ਦੀ ਆਬਾਦੀ 50 ਫੀਸਦੀ ਨਹੀਂ ਹੈ? ਕੀ ਸੀਨੀਅਰ ਸੈਕੰਡਰੀ ਸਕੂਲਾਂ ਤੇ ਕਾਲਜਾਂ ਵਿਚ ਮਹਿਲਾਵਾਂ ਦੀ ਮੌਜੂਦਗੀ 50 ਫੀਸਦੀ ਨਹੀਂ ਹੈ? ਜੇ ਹੈ ਤਾਂ ਫਿਰ ਸਿਸਟਮ ਵਿਚ ਉਨ੍ਹਾਂ ਦੀ ਹਿੱਸੇਦਾਰੀ ਏਨੀ ਘੱਟ ਕਿਉਂ ਹੈ? ਕਾਂਗਰਸ ਚਾਹੁੰਦੀ ਹੈ 'ਅੱਧੀ ਆਬਾਦੀ, ਪੂਰਾ ਹੱਕ'। ਅਸੀਂ ਸਮਝਦੇ ਹੰ ਕਿ ਮਹਿਲਾਵਾਂ ਦੀ ਕਾਬਲੀਅਤ ਦੀ ਪੂਰੀ ਵਰਤੋਂ ਤਦੇ ਹੋਵੇਗੀ ਜਦੋਂ ਦੇਸ਼ ਨੂੰ ਚਲਾਉਣ ਵਾਲੀ ਸਰਕਾਰ ਵਿਚ ਮਹਿਲਾਵਾਂ ਦਾ ਬਰਾਬਰ ਯੋਗਦਾਨ ਹੋਵੇਗਾ। ਇਸ ਲਈ ਕਾਂਗਰਸ ਨੇ ਫੈਸਲਾ ਕੀਤਾ ਹੈ ਕਿ ਸਾਰੀਆਂ ਨਵੀਆਂ ਸਰਕਾਰੀ ਨੌਕਰੀਆਂ ਵਿਚ ਅੱਧੀਆਂ ਮਹਿਲਾਵਾਂ ਲਈ ਰਿਜ਼ਰਵ ਕੀਤੀਆਂ ਜਾਣ। ਅਸੀਂ ਸੰਸਦ ਤੇ ਵਿਧਾਨ ਸਭਾ ਵਿਚ ਵੀ ਮਹਿਲਾਵਾਂ ਦੀ ਰਿਜ਼ਰਵੇਸ਼ਨ ਨੂੰ ਤੁਰੰਤ ਲਾਗੂ ਕਰਨ ਦੇ ਹੱਕ ਵਿਚ ਹਾਂ।

ਐੱਲ ਆਈ ਸੀ ਦੇ ਦਫਤਰ ਅੱਜ ਤੇ ਭਲਕੇ ਖੁੱਲ੍ਹੇ ਰਹਿਣਗੇ

ਨਵੀਂ ਦਿੱਲੀ : ਜੀਵਨ ਬੀਮਾ ਨਿਗਮ (ਐੱਲ ਆਈ ਸੀ) ਚਾਲੂ ਵਿੱਤੀ ਸਾਲ 2023-24 ਦੇ ਅੰਤ ਤੋਂ ਪਹਿਲਾਂ ਟੈਕਸ ਬਚਾਉਣ ਦੀ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਟੈਕਸਦਾਤਿਆਂ ਦੀ ਸਹੂਲਤ ਲਈ 30 ਅਤੇ 31 ਮਾਰਚ ਨੂੰ ਆਪਣੇ ਦਫਤਰ ਖੁੱਲ੍ਹੇ ਰੱਖੇਗਾ। ਐੱਲ ਆਈ ਸੀ ਦਾ ਇਹ ਕਦਮ ਬੈਂਕਾਂ ਦੇ ਉਸ ਐਲਾਨ ਤੋਂ ਬਾਅਦ ਆਇਆ ਹੈ, ਜਿਸ 'ਚ ਦੱਸਿਆ ਗਿਆ ਸੀ ਕਿ ਸ਼ਨਿਚਰਵਾਰ ਅਤੇ ਐਤਵਾਰ ਨੂੰ ਉਨ੍ਹਾਂ ਦੀਆਂ ਸ਼ਾਖਾਵਾਂ ਖੁੱਲ੍ਹੀਆਂ ਰਹਿਣਗੀਆਂ। ਭਾਰਤੀ ਰਿਜ਼ਰਵ ਬੈਂਕ ਨੇ ਇਸ ਮਹੀਨੇ ਦੇ ਸ਼ੁਰੂ 'ਚ ਬੈਂਕਾਂ ਨੂੰ ਨਿਰਦੇਸ਼ ਦਿੱਤਾ ਸੀ ਕਿ ਉਹ 30 ਅਤੇ 31 ਮਾਰਚ ਨੂੰ ਆਮ ਕੰਮਕਾਜੀ ਘੰਟਿਆਂ ਤੱਕ ਸਰਕਾਰੀ ਲੈਣ-ਦੇਣ ਲਈ ਆਪਣੀਆਂ ਸ਼ਾਖਾਵਾਂ ਖੁੱਲ੍ਹੀਆਂ ਰੱਖਣ।

ਐੱਸ ਯੂ ਵੀ ਖੱਡ 'ਚ ਡਿੱਗਣ ਕਾਰਨ 10 ਮੌਤਾਂ

ਜੰਮੂ : ਰਾਮਬਨ ਜ਼ਿਲ੍ਹੇ 'ਚ ਜੰਮੂ-ਸ੍ਰੀਨਗਰ ਕੌਮੀ ਰਾਜਮਾਰਗ ਉੱਤੇ ਸ਼ੁੱਕਰਵਾਰ ਐੱਸ ਯੂ ਵੀ ਤਿਲਕ ਕੇ ਡੂੰਘੀ ਖੱਡ 'ਚ ਡਿੱਗਣ ਨਾਲ 10 ਵਿਅਕਤੀਆਂ ਦੀ ਮੌਤ ਹੋ ਗਈ। ਉਹ ਸ੍ਰੀਨਗਰ ਤੋਂ ਜੰਮੂ ਜਾ ਰਹੇ ਸੀ ਅਤੇ ਬੈਟਰੀ ਚਸ਼ਮਾ ਇਲਾਕੇ 'ਚ ਰਾਤ ਕਰੀਬ 1.15 ਵਜੇ 300 ਫੁੱਟ ਡੂੰਘੀ ਖੱਡ 'ਚ ਡਿੱਗ ਗਈ। ਭਾਰੀ ਮੀਂਹ ਦੌਰਾਨ 10 ਯਾਤਰੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਮ੍ਰਿਤਕਾਂ 'ਚ ਜੰਮੂ ਦੇ ਪਿੰਡ ਅੰਬ ਗਰੋਟਾ ਦਾ ਰਹਿਣ ਵਾਲਾ 47 ਸਾਲਾ ਡਰਾਈਵਰ ਬਲਵਾਨ ਸਿੰਘ ਅਤੇ ਬਿਹਾਰ ਦੇ ਪੱਛਮੀ ਚੰਪਾਰਨ ਦਾ ਰਹਿਣ ਵਾਲਾ ਵਿਪਨ ਮੁਖੀਆ ਭੀਰਗਾਂਗ ਵੀ ਸ਼ਾਮਲ ਹੈ।

ਸੁਨੀਤਾ ਕੇਜਰੀਵਾਲ ਨੇ ਪਤੀ ਦੇ ਹੱਕ 'ਚ ਮੁਹਿੰਮ ਵਿੱਢੀ

ਨਵੀਂ ਦਿੱਲੀ : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਨੇ ਸ਼ੁੱਕਰਵਾਰ ਵਟਸਐਪ ਨੰਬਰ 8297324624 'ਤੇ ਮੁਹਿੰਮ ਸ਼ੁਰੂ ਕਰਕੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਦਿੱਲੀ ਆਬਕਾਰੀ ਨੀਤੀ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਈ ਡੀ ਦੀ ਹਿਰਾਸਤ 'ਚ ਚੱਲ ਰਹੇ ਉਨ੍ਹਾ ਦੇ ਪਤੀ ਦਾ ਸਮਰਥਨ ਕਰਨ। ਕੇਜਰੀਵਾਲ ਨੇ ਡਿਜੀਟਲ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਉਨ੍ਹਾ ਦੇ ਪਤੀ ਨੇ ਦੇਸ਼ ਦੀਆਂ ਸਭ ਤੋਂ ਭ੍ਰਿਸ਼ਟ ਅਤੇ ਤਾਨਾਸ਼ਾਹੀ ਤਾਕਤਾਂ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਨੇ ਵਟਸਐਪ ਨੰਬਰ ਜਾਰੀ ਕਰਕੇ ਕਿਹਾ ਕਿ ਲੋਕ ਆਪਣਾ ਆਸ਼ੀਰਵਾਦ, ਦੁਆਵਾਂ ਜਾਂ ਕੋਈ ਹੋਰ ਸੁਨੇਹਾ ਭੇਜ ਸਕਦੇ ਹਨ।

ਸੁਨੀਤਾ ਵੱਲੋਂ ਦਿੱਲੀ ਦੀ ਮੁੱਖ ਮੰਤਰੀ ਬਣਨ ਦੀ ਤਿਆਰੀ : ਪੁਰੀ

ਨਵੀਂ ਦਿੱਲੀ : ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਸ਼ੁੱਕਰਵਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਦੀ ਤੁਲਨਾ ਬਿਹਾਰ ਦੀ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਨਾਲ ਕਰਦਿਆਂ ਕਿਹਾ ਕਿ ਸੁਨੀਤਾ ਕੇਜਰੀਵਾਲ ਸ਼ਾਇਦ ਆਪਣੇ ਪਤੀ ਦੀ ਥਾਂ ਲੈਣ ਦੀ ਤਿਆਰੀ ਕਰ ਰਹੀ ਹੈ। ਭਾਜਪਾ ਦੀ ਦਿੱਲੀ ਇਕਾਈ ਦੇ ਚੋਣ ਦਫਤਰ ਦੇ ਉਦਘਾਟਨ ਮੌਕੇ ਸੁਨੀਤਾ ਕੇਜਰੀਵਾਲ ਦਾ ਜ਼ਿਕਰ ਕੀਤੇ ਜਾਣ 'ਤੇ ਪੁਰੀ ਨੇ ਪੱਤਰਕਾਰਾਂ ਨੂੰ ਦੱਸਿਆ-ਤੁਸੀਂ ਜਿਸ ਮੈਡਮ ਦੀ ਗੱਲ ਕਰ ਰਹੇ ਹੋ, ਉਹ ਸ਼ਾਇਦ ਬਿਹਾਰ 'ਚ ਰਾਬੜੀ ਦੇਵੀ ਵਾਂਗ ਕੁਰਸੀ 'ਤੇ ਬੈਠਣ ਦੀ ਤਿਆਰੀ ਕਰ ਰਹੀ ਹੈ।

ਸੰਯੁਕਤ ਰਾਸ਼ਟਰ ਨੂੰ ਭਾਰਤ 'ਚ ਨਿਰਪੱਖ ਚੋਣਾਂ ਦੀ ਆਸ

ਸੰਯੁਕਤ ਰਾਸ਼ਟਰ : ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਨਤੋਨੀਓ ਗੁਤੇਰੇਸ ਦੇ ਤਰਜਮਾਨ ਸਟੀਫੇਨ ਦੁਜਾਰਿਕ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਕਾਫੀ ਆਸ ਹੈ ਕਿ ਭਾਰਤ ਤੇ ਹੋਰਨਾਂ ਦੇਸ਼ਾਂ ਵਿਚ ਹੋ ਰਹੀਆਂ ਚੋਣਾਂ ਵਿਚ ਲੋਕਾਂ ਦੇ ਸਿਆਸੀ ਤੇ ਸ਼ਹਿਰੀ ਹੱਕਾਂ ਦੀ ਰਾਖੀ ਕੀਤੀ ਜਾਵੇਗੀ ਅਤੇ ਹਰ ਕੋਈ ਨਿਰਪੱਖ ਤੇ ਆਜ਼ਾਦਾਨਾ ਮਾਹੌਲ 'ਚ ਵੋਟ ਪਾ ਸਕੇਗਾ। ਉਸ ਨੇ ਇਹ ਟਿੱਪਣੀ ਵੀਰਵਾਰ ਪ੍ਰੈੱਸ ਕਾਨਫਰੰਸ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੇ ਕਾਂਗਰਸ ਦੇ ਬੈਂਕ ਖਾਤੇ ਫ੍ਰੀਜ਼ ਕਰਨ ਦੇ ਮੱਦੇਨਜ਼ਰ ਭਾਰਤ ਵਿਚ ਸਿਆਸੀ ਬੇਚੈਨੀ ਸੰਬੰਧੀ ਸਵਾਲ ਦਾ ਜਵਾਬ ਦਿੰਦਿਆਂ ਕੀਤੀ। ਸੰਯੁਕਤ ਰਾਸ਼ਟਰ ਦੀ ਇਸ ਟਿੱਪਣੀ ਤੋਂ ਪਹਿਲਾਂ ਅਮਰੀਕਾ ਵੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੇ ਕਾਂਗਰਸ ਦੇ ਬੈਂਕ ਖਾਤੇ ਫ੍ਰੀਜ਼ ਕਰਨ 'ਤੇ ਅਜਿਹੀ ਟਿੱਪਣੀ ਕਰ ਚੁੱਕਾ ਹੈ।

ਐੱਸ ਕੇ ਐੱਮ ਪੰਜਾਬ ਵੱਲੋਂ ਭਾਜਪਾ ਦੇ ਵਿਰੋਧ ਦਾ ਐਲਾਨ

ਪੰਜਾਬ 'ਚ ਨਿੱਜੀ ਕੰਪਨੀਆਂ ਦੇ ਸਾਈਲੋ ਖੋਲ੍ਹਣ ਤੇ ਸਰਕਾਰੀ ਮੰਡੀਆਂ ਨੂੰ ਫੇਲ੍ਹ ਕਰਨ ਦੀ ਸਾਜ਼ਿਸ਼ ਦਾ ਕੀਤਾ ਜਾਵੇਗਾ ਡਟਵਾਂ ਵਿਰੋਧ, 8 ਅਪ੍ਰੈਲ ਨੂੰ ਮੁਹਾਲੀ 'ਚ ਵਿਸ਼ਾਲ ਰੈਲੀ ਤੇ 21 ਮਈ ਨੂੰ ਜਗਰਾਓਂ 'ਚ ਮਹਾਂ ਰੈਲੀ

ਜਲੰਧਰ (ਕੇਸਰ) : ਸੰਯੁਕਤ ਕਿਸਾਨ ਮੋਰਚਾ ਪੰਜਾਬ ਵਿੱਚ ਸ਼ਾਮਲ ਜਥੇਬੰਦੀਆਂ ਦੀ ਮੀਟਿੰਗ ਸ਼ੁੱਕਰਵਾਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਬੂਟਾ ਸਿੰਘ ਬੁਰਜ ਗਿੱਲ, ਕੰਵਲਪ੍ਰੀਤ ਸਿੰਘ ਪੰਨੂ ਅਤੇ ਸੰਦੀਪ ਅਰੋੜਾ ਦੀ ਪ੍ਰਧਾਨਗੀ ਹੇਠ ਹੋਈ ।ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਕੇਂਦਰ ਦੇ ਦਬਾਅ ਅਧੀਨ ਪੰਜਾਬ ਵਿੱਚ 9 ਕਾਰਪੋਰੇਟ ਘਰਾਣਿਆਂ ਨੂੰ 26 ਮਾਰਕੀਟ ਕਮੇਟੀਆਂ ਦੇ ਅਧੀਨ ਆਉਂਦੇ ਖਰੀਦ ਕੇਂਦਰਾਂ ਵਿੱਚ 9 ਸਾਈਲੋ ਖੋਲ੍ਹਣ ਨੂੰ ਦਿੱਤੀ ਮਨਜ਼ੂਰੀ ਨੂੰ ਬੜੀ ਗੰਭੀਰਤਾ ਨਾਲ ਵਿਚਾਰਿਆ ਗਿਆ। ਆਗੂਆਂ ਕਿਹਾ ਕਿ ਜਿਹੜੇ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕਿਸਾਨਾਂ ਨੇ ਸੱਤ ਸੌ ਤੀਹ ਸ਼ਹੀਦੀਆਂ ਦਿੱਤੀਆਂ ਅਤੇ 13 ਮਹੀਨੇ ਦਿੱਲੀ ਦੇ ਬਾਰਡਰਾਂ 'ਤੇ ਐਸ ਕੇ ਐਮ ਦੀ ਅਗਵਾਈ ਵਿੱਚ ਸੰਘਰਸ਼ ਕੀਤਾ, ਉਨ੍ਹਾਂ ਕਾਲੇ ਕਾਨੂੰਨਾਂ ਨੂੰ ਪੰਜਾਬ ਵਿੱਚ ਪੁੱਠ

30-MAR-PAGE-1.qxd 3/29/2024 9:28 PM Page 2

ਜੋਤੀ ਸਿੰਘ ਉਗਰਾਹਾਂ ਦੀ ਮੌਤ 'ਤੇ ਦੁੱਖ ਪ੍ਰਗਟ

ਚੀਮਾ ਮੰਡੀ (ਰਵਿੰਦਰ ਚੀਮਾ) ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਸੁਨਾਮ ਬਲਾਕ ਦੇ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਤੇ ਪ੍ਰੈਸ ਸਕੱਤਰ ਸੁਖਪਾਲ ਸਿੰਘ ਮਾਣਕ ਕਣਕਵਾਲ ਨੇ ਕਿਹਾ ਕਿ ਗੋਰਾ ਸਿੰਘ ਉਗਰਾਹਾਂ ਦਾ ਸਪੁੱਤਰ ਜੋਤੀ ਸਿੰਘ ਉਗਰਾਹਾਂ 27 ਮਾਰਚ ਨੂੰ ਭਰੀ ਜਵਾਨੀ ਵਿੱਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ। ਜੋਤੀ ਉਗਰਾਹਾਂ ਪਿੱਛੇ ਆਪਣੇ ਪਰਵਾਰ ਨੂੰ ਰੋਂਦੇ ਵਿਲਕਦੇ ਛੱਡ ਗਿਆ। ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਇਸ ਤਰ੍ਹਾਂ ਨੌਜਵਾਨੀ ਦੀਆਂ ਮੌਤਾਂ ਦਾ ਇੱਕ ਗੰਭੀਰ ਵਿਸ਼ਾ ਹੈ, ਕਿਉਂਕਿ ਇਹ ਕੁਦਰਤੀ ਨਹੀਂ ਹੈ। ਇਹ ਬਿਮਾਰੀਆਂ ਸਰਕਾਰਾਂ ਨੇ ਕਾਰਪੋਰੇਟ ਸੈਕਟਰ ਨੂੰ ਮੁਨਾਫ਼ੇ ਦੇਣ ਲਈ ਹਰੇ-ਇਨਕਲਾਬ ਰਾਹੀਂ ਸਾਨੂੰ ਪਰੋਸ ਕੇ ਦਿੱਤੀਆਂ ਹਨ, ਜਿੱਥੇ ਜੋਤੀ ਸਿੰਘ ਉਗਰਾਹਾਂ ਦੀ ਮੌਤ ਦਾ ਪਰਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਉੱਥੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੂੰ ਵੀ ਵੱਡਾ ਘਾਟਾ ਪਿਆ ਹੈ, ਇਸ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੁਨਾਮ ਬਲਾਕ ਅਤੇ ਸੁਨਾਮ ਬਲਾਕ ਦੀਆਂ ਸਾਰੀਆਂ ਇਕਾਈਆਂ ਵੱਲੋਂ ਪਰਵਾਰ ਨਾਲ਼ ਦੁੱਖ ਸਾਂਝਾ ਕੀਤਾ ਜਾਂਦਾ ਹੈ।ਇਸ ਮੌਕੇ ਬਲਾਕ ਆਗੂ ਰਾਮ ਸ਼ਰਨ ਉਗਰਾਹਾਂ, ਗੋਬਿੰਦ ਚੱਠਾ, ਮਹਿੰਦਰ ਨਮੋਲ, ਅਜੈਬ ਜਖੇਪਲ, ਪਾਲ ਦੌਲੇਵਾਲ, ਲਾਲੀ ਦੌਲੇਵਾਲ, ਮਨੀ ਭੈਣੀ ਤੇ ਯਾਦਵਿੰਦਰ ਚੱਠਾ ਹਾਜ਼ਰ ਸਨ।

ਡੀ ਬੀ ਯੂ ਸਕੂਲ ਵੱਲੋਂ ਉਦਯੋਗਕ ਦੌਰਾ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਦੇਸ਼ ਭਗਤ ਯੂਨੀਵਰਸਿਟੀ ਵਿਖੇ ਸਕੂਲ ਆਫ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਨੇ ਇੰਸਟੀਚਿਊਟ ਦੀ ਇਨੋਵੇਸ਼ਨ ਕੌਂਸਲ ਤੇ ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਦੇ ਸਹਿਯੋਗ ਨਾਲ ਵਿਦਿਆਰਥੀਆਂ ਲਈ ਹਾਲੀਡੇ ਇਨ ਹੋਟਲ, ਜ਼ੀਰਕਪੁਰ ਦਾ ਉਦਯੋਗਕ ਦੌਰਾ ਕੀਤਾ।ਦੌਰੇ ਦਾ ਉਦੇਸ਼ ਵਿਦਿਆਰਥੀਆਂ ਦੇ ਗਿਆਨ ਨੂੰ ਵਧਾਉਣਾ ਤੇ ਹੋਟਲ ਉਦਯੋਗ ਵਿੱਚ ਹਾਲ ਹੀ ਦੇ ਰੁਝਾਨਾਂ ਤੋਂ ਜਾਣੂ ਕਰਵਾਉਣਾ ਸੀ।ਇਸ ਦਾ ਲਾਭ ਉਠਾਉਂਦੇ ਹੋਏ ਹੋਟਲ ਮੈਨੇਜਮੈਂਟ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਦੌਰੇ ਦੀ ਸ਼ੁਰੂਆਤ ਲਰਨਿੰਗ ਐਂਡ ਡਿਵੈਲਪਮੈਂਟ ਮੈਨੇਜਰ ਵਰੁਣ ਸ਼ਰਮਾ ਦੁਆਰਾ ਹੋਟਲ ਸਮੂਹ ਦੇ ਇਤਿਹਾਸ ਤੇ ਹੋਟਲ ਦੀ ਜਾਇਦਾਦ 'ਤੇ ਉਪਲਬਧ ਵੱਖ-ਵੱਖ ਸਹੂਲਤਾਂ ਬਾਰੇ ਦੱਸਦਿਆਂ ਇੱਕ ਸੈਸ਼ਨ ਨਾਲ ਸ਼ੁਰੂ ਹੋਈ।ਵਿਦਿਆਰਥੀਆਂ ਨੇ ਹੋਟਲ ਦੇ ਵੱਖ-ਵੱਖ ਵਿਭਾਗਾਂ ਦਾ ਦੌਰਾ ਕੀਤਾ, ਜਿਸ ਵਿੱਚ ਰੈਸਟੋਰੈਂਟ, ਰਸੋਈ, ਗੈਸਟ ਰੂਮ, ਬਾਰ, ਫਰੰਟ ਡੈਸਕ ਆਦਿ ਸ਼ਾਮਲ ਹਨ।ਵਿਭਾਗਾਂ ਦੇ ਮੁਖੀਆਂ ਨੇ ਵਿਦਿਆਰਥੀਆਂ ਨੂੰ ਆਪਣੇ-ਆਪਣੇ ਸੈਕਸ਼ਨਾਂ ਦੇ ਕੰਮਕਾਜ ਤੇ ਉੱਭਰ ਰਹੇ ਰੁਝਾਨਾਂ ਬਾਰੇ ਜਾਣੂ ਕਰਵਾਇਆ।ਵਿਦਿਆਰਥੀਆਂ ਨੇ ਇਸ ਦੌਰੇ ਦਾ ਭਰਪੂਰ ਲਾਭ ਉਠਾਇਆ। ਇਸ ਦੌਰੇ ਦਾ ਸੰਚਾਲਨ ਸ਼ੈੱਫ ਰਿੰਕੂ ਸਿੰਘ ਨੇ ਕੀਤਾ।

ਡਾ. ਸ਼ਮਸ਼ੇਰ ਸਿੰਘ ਤੇ ਡਾ. ਮਨੀਸ਼ ਕੁਮਾਰ ਦੀਆਂ ਕਿਤਾਬਾਂ ਰਿਲੀਜ਼

ਮੋਗਾ (ਇਕਬਾਲ ਸਿੰਘ ਖਹਿਰਾ)-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ ਐੱਸ ਐੱਫ ਕਾਲਜ ਆਫ਼ ਫਾਰਮੇਸੀ ਵਿਖੇ ਕੰਮ ਕਰਦੇ ਡਾ. ਸ਼ਮਸ਼ੇਰ ਸਿੰਘ ਮੁਖੀ ਵਿਭਾਗ ਦੀ ਫਾਰਮਾਕੋਲੋਜੀ ਦੀ ਕਿਤਾਬ ਡਾ. ਜੀ. ਡੀ. ਗੁਪਤਾ ਤੇ ਲਵਕੇਸ਼ ਸਿੰਘ ਨਾਲ ਸਾਂਝੇ ਤੌਰ 'ਤੇ ਲਿਖੀ ਗਈ। ਇਹ ਕਿਤਾਬ ਸੋਸ਼ਲ ਐਂਡ ਪ੍ਰੀਵੈਨਟਿਵ ਫਾਰਮੇਸੀ ਦੇ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਸਾਬਿਤ ਹੋਵੇਗੀ। ਦੂਜੀ ਕਿਤਾਬ ਰੈਗੂਲੇਟਰੀ ਮਾਮਲਿਆਂ ਦੀ ਟੈਕਸਟ ਬੁੱਕ ਹੈ, ਜੋ ਡਾ. ਮਨੀਸ਼ ਕੁਮਾਰ ਹੈੱਡ ਆਫ਼ ਫਾਰਮਾਸਿਊਟਿਕਸ ਤੇ ਹੋਰ ਅਧਿਆਪਕਾਂ ਵੱਲੋਂ ਲਿਖੀ ਗਈ ਹੈ, ਜੋ ਕਿ ਫਾਰਮੇਸੀ ਦੇ ਯੂ ਜੀ ਤੇ ਪੀ ਜੀ ਲਈ ਹੈ। ਵਿਦਿਆਰਥੀਆਂ ਲਈ ਲਾਭਦਾਇਕ ਸਾਬਿਤ ਹੋਵੇਗਾ। ਪੁਸਤਕ ਰਿਲੀਜ਼ ਕਰਦਿਆਂ ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸਕੱਤਰ ਇੰਜੀ. ਜਨੇਸ਼ ਗਰਗ, ਡਾ. ਮੁਸਕਾਨ ਗਰਗ, ਡਾਇਰੈਕਟਰ ਡਾ. ਜੀ. ਡੀ. ਗੁਪਤਾ, ਆਈ. ਐੱਸ. ਐੱਫ. ਸੀ ਪੀ ਆਰ ਦੇ ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ ਵੱਲੋਂ ਡਾ. ਸ਼ਮਸ਼ੇਰ ਸਿੰਘ ਤੇ ਡਾ. ਮਨੀਸ਼ ਕੁਮਾਰ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ।

ਲਾਇਨਜ਼ ਕਲੱਬ ਵੱਲੋਂ ਬਿਮਾਰ ਗਊਆਂ ਲਈ ਦਵਾਈਆਂ ਭੇਟ

ਜਗਰਾਉਂ (ਅਮਿਤ ਖੰਨਾ)-ਸੰਸਾਰ ਦੇ ਕਰੀਬ 110 ਮੁਲਕਾਂ 'ਚ ਸਮਾਜ ਸੇਵਾ 'ਚ ਜੁਟੀ ਲਾਇਨਜ਼ ਕਲੱਬ ਦੀ ਇਕਾਈ ਜਗਰਾਉਂ ਵੱਲੋਂ ਨੇੜਲੇ ਪਿੰਡ ਕਾਉਂਕੇ ਕਲਾਂ 'ਚ ਬਿਮਾਰ ਗਊਆਂ, ਲਾਵਾਰਸ ਜਾਨਵਰਾਂ ਦੀ ਸਾਂਭ ਸੰਭਾਲ ਲਈ ਚੱਲ ਰਹੇ ਹੀਰਾ ਐਨੀਮਲ ਹਸਪਤਾਲ ਨੂੰ ਦਵਾਈਆਂ ਤੇ ਗੁੜ ਵਗੈਰਾ ਭੇਟ ਕਰਕੇ ਚੱਲ ਸੇਵਾ ਕੁੰਭ 'ਚ ਯੋਗਦਾਨ ਪਾਇਆ। ਕਲੱਬ ਪ੍ਰਧਾਨ ਮਨਜੀਤਇੰਦਰਪਾਲ ਸਿੰਘ ਢਿੱਲੋਂ ਦੀ ਯੋਗ ਅਗਵਾਈ ਹੇਠ ਇਕੱਤਰ ਹੋਏ ਮੈਂਬਰਾਂ ਨੇ ਹਸਪਤਾਲ 'ਚ ਜ਼ੇਰੇ ਇਲਾਜ ਜਾਨਵਰਾਂ ਬਾਰੇ ਪ੍ਰਬੰਧਕਾਂ ਤੋਂ ਜਾਣਿਆ ਤੇ ਉਨ੍ਹਾਂ ਦੀ ਲੋੜ ਅਨੁਸਾਰ ਦਵਾਈਆਂ ਆਦਿ ਭੇਟ ਕੀਤੀਆਂ। ਪ੍ਰਧਾਨ ਮਨਜੀਤ ਇੰਦਰਪਾਲ ਸਿੰਘ ਢਿੱਲੋਂ ਨੇ ਆਖਿਆ ਕਿ ਕਲੱਬ ਵੱਲੋਂ ਲੋੜਵੰਦਾਂ ਦੀ ਸੇਵਾ ਲਈ ਹਮੇਸ਼ਾ ਯਤਨ ਕੀਤੇ ਜਾਂਦੇ ਹਨ, ਜੋ ਆਉਂਦੇ ਸਮੇਂ 'ਚ ਵੀ ਕਲੱਬ ਮੈਂਬਰਾਂ ਦੇ ਸਹਿਯੋਗ ਨਾਲ ਜਾਰੀ ਰਹਿਣਗੇ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਸਰਕਾਰੀ ਹਾਈ ਸਕੂਲ ਮਲਕ 'ਚ ਬੱਚਿਆਂ ਦੇ ਖੂਨ ਦੀ ਜਾਂਚ ਸਬੰਧੀ ਇੱਕ ਪ੍ਰੋਜੈਕਟ ਲਗਾਇਆ ਗਿਆ ਤੇ ਜਲਦੀ ਲੋੜਵੰਦ ਬਜ਼ੁਰਗ ਔਰਤਾਂ ਨੂੰ ਜਾਂਚ ਉਪਰੰਤ ਨਿਗ੍ਹਾ ਵਾਲੀਆਂ ਐਨਕਾਂ ਦੀ ਵੰਡ ਵੀ ਕੀਤੀ ਜਾਵੇਗੀ। ਇਸ ਮੌਕੇ ਕਲੱਬ ਦੇ ਸਕੱਤਰ ਲਾਇਨ ਕੁਲਦੀਪ ਸਿੰਘ ਰੰਧਾਵਾ, ਇੰਜੀ. ਅੰਮ੍ਰਿਤ ਸਿੰਘ ਥਿੰਦ, ਐੱਸ. ਪੀ. ਢਿੱਲੋਂ, ਬੀਰਿੰਦਰ ਸਿੰਘ ਗਿੱਲ, ਸਤਪਾਲ ਸਿੰਘ ਗਰੇਵਾਲ, ਸੁਭਾਸ਼ ਕਪੂਰ ਤੇ ਚਰਨਜੀਤ ਸਿੰਘ ਢਿੱਲੋਂ ਆਦਿ ਮੈਂਬਰਾਂ ਨੇ ਹਾਜ਼ਰੀ ਭਰੀ।

ਫਤਿਹ ਗਰੁੱਪ ਆਫ ਇੰਸ. ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ

ਰਾਮਪੁਰਾ ਫੂਲ (ਦਰਸ਼ਨ ਸਿੰਦਲ)-ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਦੇ ਵਿਦਿਆਰਥੀਆਂ ਲਈ ਪੜ੍ਹਾਈ ਦੇ ਨਾਲ ਨਾਲ ਖੇਡਾਂ, ਸੱਭਿਆਚਾਰਕ ਗਤੀਵਿਧੀਆਂ, ਨੈਤਿਕ ਕਦਰਾਂ ਕੀਮਤਾਂ ਤੇ ਉਨ੍ਹਾਂ ਨੂੰ ਅਜੋਕੇ ਸਮੇਂ ਦੇ ਨਵੇਂ ਬਾਜ਼ਾਰਾਂ, ਮੰਗਾਂ ਤੇ ਬਦਲਦੇ ਸਮਾਜਿਕ ਤਾਣੇ ਬਾਣੇ ਤੋਂ ਜਾਗਰੂਕ ਕਰਵਾਉਣ ਸਬੰਧੀ ਇੱਕ ਦਿਨਾ ਟੂਰ ਲਗਾਇਆ ਗਿਆ।ਕੌਮੀ ਸੇਵਾ ਯੋਜਨਾ ਵਿਭਾਗ ਦੁਆਰਾ ਕਰਵਾਏ ਇਸ ਪ੍ਰੋਗਰਾਮ ਦੇ ਕਨਵੀਨਰ ਐਜੂਕੇਸ਼ਨ ਵਿਭਾਗ ਦੇ ਪ੍ਰੋਫੈਸਰ ਕ੍ਰਿਸ਼ਨ ਸਿੰਘ, ਮੈਡਮ ਸੰਦੀਪ ਕੌਰ ਵਿਭਾਗ ਮੁਖੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਇਸ ਟੂਰ ਅੰਦਰ ਵੱਖ ਵੱਖ ਗਤੀਵਿਧੀਆਂ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਪ੍ਰਸਿੱਧ ਫ਼ਿਲਮ ਐਕਟਰ ਗੀਵੀ ਚਾਹਲ ਦੀ ਨਵੀਂ ਰਿਲੀਜ਼ ਹੋਈ ਫਿਲਮ ਸੰਗਰਾਂਦ ਨੂੰ ਦੇਖਿਆ ਗਿਆ, ਜਿਸ ਦਾ ਬਾਅਦ ਵਿੱਚ ਇਤਿਹਾਸਕ ਵਿਸ਼ਲੇਸ਼ਣ ਕੀਤਾ ਗਿਆ ਤੇ ਫ਼ਿਲਮੀ ਬਾਰੀਕੀਆਂ 'ਤੇ ਨਜ਼ਰਸਾਨੀ ਕੀਤੀ ਗਈ।ਸੰਸਥਾ ਦੇ ਚੇਅਰਮੈਨ ਐੱਸ ਐੱਸ ਚੱਠਾ ਨੇ ਕਿਹਾ ਕਿ ਵਿਦਿਆਰਥੀਆਂ ਦੇ ਵਿਅਕਤੀਤਵ ਨੂੰ ਨਿਖਾਰਨ, ਲੀਡਰਸ਼ਿਪ ਦੇ ਗੁਣਾਂ ਸਮੇਤ ਸਰਵਪੱਖੀ ਵਿਕਾਸ ਲਈ ਹਰ ਤਰ੍ਹਾਂ ਦੀਆਂ ਸਾਰਥਿਕ ਗਤੀਵਿਧੀਆਂ ਜ਼ਰੂਰੀ ਹਨ।ਇਸ ਮੌਕੇ ਪ੍ਰੋਗਰਾਮ ਅਫਸਰ ਰਮਨਦੀਪ ਕੌਰ, ਪ੍ਰੋਫੈਸਰ ਜੋਨੀ, ਪ੍ਰੋਫੈਸਰ ਸੁਨੀਤਾ ਤੋਂ ਇਲਾਵਾ ਡਿਗਰੀ ਕਾਲਜ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।

ਐੱਨ ਐੱਸ ਐੱਸ ਵਲੰਟੀਅਰਾਂ ਦਾ ਪਟਿਆਲਾ ਟੂਰ

ਦਿੜ੍ਹਬਾ (ਜਸਵੀਰ ਲਾਡੀ)-ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਛਾਜਲੀ ਵਿੱਚ ਚੱਲ ਰਹੇ ਸੱਤ ਰੋਜ਼ਾ ਕੈਂਪ ਦੇ ਵਲੰਟੀਅਰਾਂ ਦਾ ਅੱਜ ਪਟਿਆਲੇ ਦਾ ਟੂਰ ਕੀਤਾ ਗਿਆ।ਇਸ ਬਾਰੇ ਜਾਣਕਾਰੀ ਦਿੰਦਿਆਂ ਪ੍ਰੋਗਰਾਮ ਅਫਸਰ ਅਮਨੀਸ਼ ਕੁਮਾਰ ਨੇ ਦੱਸਿਆ ਕਿ ਵਲੰਟੀਅਰਾਂ ਨੂੰ ਸੀਸ ਮਹਿਲ, ਦੁੱਖ ਨਿਵਾਰਨ ਸਾਹਿਬ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਾਲ ਨਾਲ ਨੈਸ਼ਨਲ ਸਪੋਰਟਸ ਇੰਸਟੀਚਿਊਟ ਦੀ ਵਿਜ਼ਟ ਕਰਵਾਈ ਗਈ, ਜਿੱਥੇ ਵਲੰਟੀਅਰਾਂ ਦੁਆਰਾ ਅੰਤਰਰਾਸ਼ਟਰੀ ਖਿਡਾਰੀਆਂ ਦੇ ਮੈਡਲ ਦੇਖਣ ਦੇ ਨਾਲ ਨਾਲ ਸਪੋਰਟਸ ਕੋਚਾਂ ਤੋਂ ਸਪੋਰਟਸ ਬਾਰੇ ਵੱਡਮੁੱਲੀ ਜਾਣਕਾਰੀ ਪ੍ਰਾਪਤ ਕੀਤੀ। ਇਸ ਸਮੇਂ ਅਧਿਆਪਕ ਸਾਹਿਬਾਨ ਹਰਮੀਤ ਸਿੰਘ, ਮਾਧਵ ਗੁਪਤਾ ਤੇ ਪ੍ਰਿਤਪਾਲ ਸਿੰਘ ਵੀ ਵਲੰਟੀਅਰਾਂ ਦੇ ਨਾਲ ਸਨ।

ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਲਈ ਇਨਸਾਫਪਸੰਦ ਜਥੇਬੰਦੀਆਂ ਕਰਨਗੀਆਂ ਮਹਾਂਰੈਲੀ : ਸਪੀਕਰ ਸੰਧਵਾਂ

ਭਲਕ ਦੀ ਮਹਾਂਰੈਲੀ ਮੋਦੀ ਸਰਕਾਰ ਦੀ ਗਲਤਫਹਿਮੀ ਕਰੇਗੀ ਦੂਰ

ਫਰੀਦਕੋਟ/ਕੋਟਕਪੂਰਾ (ਅਮਿਲਗਜੋਤ ਡਡਿਸੂਜਾ/ਰਛਪਾਲ ਭੁੱਲਰ)-ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ 31 ਮਾਰਚ ਨੂੰ ਦਿੱਲੀ ਵਿਖੇ ਸਾਰੀਆਂ ਇਨਸਾਫਪਸੰਦ ਜਥੇਬੰਦੀਆਂ ਤੇ ਰਾਜਨੀਤਕ ਪਾਰਟੀਆਂ ਦਾ ਇਕੱਠ ਕੇਂਦਰ ਦੀ ਮੋਦੀ ਸਰਕਾਰ ਤੇ ਭਾਜਪਾ ਦੇ ਸਾਰੇ ਭੁਲੇਖੇ ਦੂਰ ਕਰ ਦੇਵੇਗਾ।ਪਿੰਡ ਸੰਧਵਾਂ ਵਿਖੇ ਬੁਲਾਈ ਮੀਟਿੰਗ ਦੌਰਾਨ ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ ਤੇ ਵਲੰਟੀਅਰਾਂ ਨੂੰ ਸੰਬੋਧਨ ਕਰਨ ਮੌਕੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਆਖਿਆ ਕਿ ਉਕਤ ਮਹਾਂਰੈਲੀ ਵਿੱਚ ਵਿਧਾਨ ਸਭਾ ਹਲਕਾ ਕੋਟਕਪੂਰਾ ਤੋਂ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਤੇ ਅਹੁਦੇਦਾਰ ਸ਼ਮੂਲੀਅਤ ਕਰਨਗੇ।ਸਪੀਕਰ ਸੰਧਵਾਂ ਨੇ ਉਕਤ ਮੀਟਿੰਗ ਦੌਰਾਨ ਦਿੱਲੀ ਵਿਖੇ ਹੋਣ ਵਾਲੀ ਮਹਾਂਰੈਲੀ ਨੂੰ ਸਫਲ ਬਣਾਉਣ ਲਈ ਅਹੁਦੇਦਾਰਾਂ ਤੇ ਵਰਕਰਾਂ ਦੀਆਂ ਡਿਊਟੀਆਂ ਲਾਉਂਦਿਆਂ ਆਖਿਆ ਕਿ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਰੋਕਣ ਤੇ ਡਾ. ਭੀਮ ਰਾਓ ਅੰਬੇਡਕਰ ਵੱਲੋਂ ਰਚੇ ਸੰਵਿਧਾਨ ਸਮੇਤ ਲੋਕਤੰਤਰ ਨੂੰ ਖਤਮ ਕਰਨ ਵਾਲੀਆਂ ਤਾਨਾਸ਼ਾਹੀ ਕਾਰਵਾਈਆਂ ਕਾਰਨ ਮੋਦੀ ਸਰਕਾਰ ਤੇ ਭਾਰਤੀ ਜਨਤਾ ਪਾਰਟੀ ਦੀ ਦੇਸ਼-ਵਿਦੇਸ਼ ਵਿੱਚ ਨੁਕਤਾਚੀਨੀ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਦਾ ਦਾਮਨ 100 ਫੀਸਦੀ ਸਾਫ ਹੈ ਤੇ ਉਨ੍ਹਾਂ ਦਾ ਅਕਸ ਖਰਾਬ ਕਰਨ ਲਈ ਮੋਦੀ ਸਰਕਾਰ ਵੱਲੋਂ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਤੇ ਸੀ ਬੀ ਆਈ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ।ਸਪੀਕਰ ਸੰਧਵਾਂ ਨੇ ਅੰਕੜਿਆਂ ਸਹਿਤ ਦਲੀਲਾਂ ਦਿੰਦਿਆਂ ਆਖਿਆ ਕਿ ਬੋਲਣ ਤੇ ਲਿਖਣ ਦੇ ਪ੍ਰਗਟਾਵਿਆਂ ਦੀ ਆਜ਼ਾਦੀ ਉੱਪਰ ਅਣਐਲਾਨੀ ਐਮਰਜੈਂਸੀ ਲੱਗਣ ਕਾਰਨ ਇਨਸਾਫ ਪਸੰਦ ਜਥੇਬੰਦੀਆਂ, ਪਾਰਟੀਆਂ, ਸੰਸਥਾਵਾਂ ਤੇ ਸ਼ਖਸੀਅਤਾਂ ਅੰਦਰ ਰੋਸ ਪੈਦਾ ਹੋਣਾ ਸੁਭਾਵਿਕ ਹੈ।ਉਨ੍ਹਾਂ ਦੱਸਿਆ ਕਿ ਪਹਿਲਾਂ ਪਾਰਟੀ ਦੇ ਸੀਨੀਅਰ ਆਗੂਆਂ ਮਨੀਸ਼ ਸ਼ਿਸ਼ੋਦੀਆ, ਸਤਿੰਦਰ ਜੈਨ ਤੇ ਸੰਜੇ ਸਿੰਘ ਨੂੰ ਜੇਲ੍ਹ ਭੇਜ ਦਿੱਤਾ ਗਿਆ ਤੇ ਹੁਣ ਅਰਵਿੰਦ ਕੇਜਰੀਵਾਲ ਦਾ ਮਨੋਬਲ ਡੇਗਣ ਤੇ ਉਨ੍ਹਾਂ ਦਾ ਲੋਕਪੱਖੀ ਅਕਸ ਖਰਾਬ ਕਰਨ ਲਈ ਕੋਝੇ ਹੱਥਕੰਢੇ ਅਪਣਾਏ ਜਾ ਰਹੇ ਹਨ।ਇਸ ਮੌਕੇ ਉਪਰੋਕਤ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

ਫੱਤਣਵਾਲਾ ਨਿਵਾਸ 'ਤੇ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਬਿੱਟੂ ਦਾ ਸਨਮਾਨ

ਦਿਸ਼ਾਹੀਣ ਪ੍ਰਬੰਧਕੀ ਢਾਂਚੇ ਦੇ ਫੇਲ੍ਹ ਹੋਣ ਕਾਰਨ ਆਮ ਲੋਕ ਅਸੁਰੱਖਿਅਤ : ਬਿੱਟੂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)-ਸਥਾਨਕ ਫੱਤਣਵਾਲਾ ਨਿਵਾਸ ਵਿਖੇ ਮਾਰਕਿਟ ਕਮੇਟੀ ਸ੍ਰੀ ਮੁਕਤਸਰ ਸਾਹਿਬ ਦੇ ਸਾਬਕਾ ਚੇਅਰਮੈਨ ਜਗਜੀਤ ਸਿੰਘ ਹਨੀ ਫੱਤਣਵਾਲਾ ਵੱਲੋਂ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।ਇਸ ਮੌਕੇ ਸਮੁੱਚੀ ਲੀਡਰਸ਼ਿਪ ਦਾ ਉਕਤ ਨਿਯੁਕਤੀ 'ਤੇ ਧੰਨਵਾਦ ਕਰਦਿਆਂ ਹਨੀ ਫੱਤਣਵਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਉਸਾਰੂ ਸੋਚ ਸਦਕਾ ਮਿਹਨਤੀ ਵਰਕਰਾਂ ਤੇ ਆਗੂਆਂ ਦੀ ਝੋਲੀ ਸਮੇਂ-ਸਮੇਂ 'ਤੇ ਬਣਦਾ ਮਾਣ ਸਤਿਕਾਰ ਪਾਇਆ ਜਾਂਦਾ ਹੈ। ਇਸ ਮੌਕੇ ਫੱਤਣਵਾਲਾ ਪਰਿਵਾਰ ਦਾ ਧੰਨਵਾਦ ਕਰਦਿਆਂ ਜ਼ਿਲ੍ਹਾ ਪ੍ਰਧਾਨ ਬਿੱਟੂ ਨੇ ਕਿਹਾ ਕਿ ਪੰਜਾਬ ਦੇ ਹਾਲਾਤਾਂ ਨੂੰ ਲੈ ਕੇ ਫਿਕਰਮੰਦ ਹਰ ਇਨਸਾਨ ਨੂੰ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ ਬਹੁਤ

30-MAR-PAGE-3.qxd 3/29/2024 9:41 PM Page 1

ਕਿਸਾਨਾਂ ਵੱਲੋਂ ਭਾਜਪਾ ਦਾ ਕਾਲ਼ੀਆਂ ਝੰਡੀਆਂ ਵਿਖਾ ਕੇ ਵਿਰੋਧ ਕਰਨ ਦਾ ਸੱਦਾ

ਕਿਸਾਨ ਅੰਦੋਲਨ-2 ਦੇ 45 ਦਿਨ ਚੜ੍ਹਦੀਕਲਾ ਨਾਲ ਪੂਰੇ : ਗੋਹਲਵੜ

ਝਬਾਲ (ਹਰਜਿੰਦਰ ਸਿੰਘ ਸੋਨੀ)-ਕਿਸਾਨ, ਮਜ਼ਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਕਿਸਾਨ ਅੰਦੋਲਨ -2 ਦੇ 45 ਦਿਨ ਚੜ੍ਹਦੀਕਲਾ ਨਾਲ ਪੂਰੇ ਕਰ ਚੁੱਕਾ। ਇਸ ਇਤਿਹਾਸਕ ਕਿਸਾਨ ਅੰਦੋਲਨ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਧੀਨ ਜ਼ਿਲ੍ਹਾ ਤਰਨ ਤਾਰਨ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰ ਰਿਹਾ ਹੈ। ਜ਼ੋਨ ਬਾਬਾ ਦੀਪ ਸਿੰਘ ਜੀ ਦੇ ਸੂਬਾ ਆਗੂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ, ਜ਼ਿਲਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ, ਜ਼ੋਨ ਸਕੱਤਰ ਹਰਦੀਪ ਸਿੰਘ ਜੌਹਲ, ਜ਼ੋਨ ਮੀਤ ਪ੍ਰਧਾਨ ਅੰਗਰੇਜ ਸਿੰਘ ਦੋਬੁਰਜੀ, ਜ਼ੋਨ ਆਗੂ ਬਲਜੀਤ ਸਿੰਘ ਰਟੌਲ ਨੇ ਦੱਸਿਆ ਕਿ ਜ਼ਾਲਮ ਸਰਕਾਰਾਂ ਵੱਲੋਂ ਸ਼ਾਂਤਮਈ ਬੈਠੇ ਕਿਸਾਨਾਂ ਉਤੇ ਕੀਤੇ ਜਬਰ ਅਤੇ ਕਤਲੇਆਮ ਨਾਲ ਦੁਨੀਆ ਭਰ 'ਚ ਭਾਰਤ ਦੀ ਜ਼ਾਲਮ ਸਰਕਾਰ ਦਾ ਚਿਹਰਾ ਨੰਗਾ ਹੋਇਆ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਇਤਿਹਾਸਿਕ ਧਰਨੇ ਵਿੱਚ ਵੱਧ-ਚੜ੍ਹ ਕੇ ਪਹੁੰਚੋ, ਪਿਛਲੇ ਕਿਸਾਨ ਅੰਦੋਲਨ ਵਿੱਚ ਹੋਏ 750 ਤੋਂ ਵੱਧ ਸ਼ਹੀਦਾਂ ਅਤੇ ਲਖੀਮਪੁਰ ਖੀਰੀ ਵਿੱਚ 4 ਕਿਸਾਨਾਂ ਅਤੇ 1 ਪੱਤਰਕਾਰ ਦੀ ਕਾਤਲ ਭਾਜਪਾ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹੇ ਕਰਦੇ ਸਵਾਲ ਪੁੱਛੋ ਕਿ ਐਮਐਸਪੀ ਦਾ ਗਾਰੰਟੀ ਕਾਨੂੰਨ ਬਣਾਉਣ ਲਈ ਹੋਰ ਕਿੰਨੇ ਕਿਸਾਨਾਂ ਨੂੰ ਆਪਣੀ ਕੁਰਬਾਨੀ ਦੇਣੀ ਪਵੇਗੀ, ਲਖੀਮਪੁਰ ਖੀਰੀ ਤੋਂ ਦੋਬਾਰਾ ਅਜੇ ਮਿਸ਼ਰਾ ਟੈਨੀ ਨੂੰ ਟਿਕਟ ਦੇਣਾ ਕੇਂਦਰ ਸਰਕਾਰ ਦੀ ਕਿਸਾਨਾਂ ਅਤੇ ਕਾਨੂੰਨ ਪ੍ਰਤੀ ਮਾੜੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਕਿਸਾਨ ਆਗੂਆ ਨੇ ਕਿਹਾ ਕਿ ਹਰੇਕ ਪਿੰਡ ਵਿਚ ਕਿਸਾਨੀ ਅੰਦੋਲਨ ਦੀਆਂ ਮੰਗਾਂ ਬਾਰੇ ਭਾਜਪਾ ਦੇ ਲੀਡਰਾਂ ਨੂੰ ਸਵਾਲ ਕੀਤੇ ਜਾਣ ਅਤੇ ਸਵਾਲਾਂ ਦੇ ਜਵਾਬ ਨਾ ਮਿਲਣ ਤੇ ਸੰਵਿਧਾਨਕ ਤਰੀਕੇ ਨਾਲ ਕਾਲੇ ਝੰਡੇ ਵਿਖਾਏ ਜਾਣ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਦੇ ਕਾਤਲਾਂ ਨੂੰ ਸਮੁੱਚਾ ਭਾਰਤ ਕਦੇ ਮਾਫ ਨਹੀਂ ਕਰੇਗਾ। ਇਸ ਮੌਕੇ ਕਿਸਾਨ ਆਗੂਆਂ ਨੇ ਦੱਸਿਆ ਕਿ ਮੋਰਚਾ ਚੜ੍ਹਦੀ ਕਲਾ ਵਿੱਚ ਹੈ ਅਤੇ ਨਿੱਤ ਨਵੀਆਂ ਬੁਲੰਦੀਆਂ ਨੂੰ ਛੂ ਰਿਹਾ ਹੈ। ਸ਼ੰਭੂ ਬਾਰਡਰ ਅਤੇ ਖਨੌਰੀ ਬਾਰਡਰ ਉਪਰ ਕਿਸਾਨਾਂ, ਮਜ਼ਦੂਰਾਂ ਵੱਲੋਂ ਪੱਕੇ ਮੋਰਚੇ ਲਗਾਏ ਜਾ ਰਹੇ ਹਨ ਤਾਂ ਕਿ ਆਉਣ ਵਾਲੀ ਗਰਮੀ ਦੀ ਰੁੱਤ ਵਿੱਚ ਬੀਬੀਆਂ ਤੇ ਛੋਟੇ ਬੱਚਿਆ ਨੂੰ ਮੋਰਚੇ ਵਿੱਚ ਰਹਿਣ ਵਾਸਤੇ ਵੱਖਰੀ ਜਗ੍ਹਾ ਅਤੇ ਬੰਦਿਆਂ ਨੂੰ ਰਹਿਣ-ਸਹਿਣ ਵਾਸਤੇ ਵੱਖਰੀ ਜਗ੍ਹਾ ਦਿੱਤੀ ਜਾ ਸਕੇ ਅਤੇ ਕੇਂਦਰ ਸਰਕਾਰ ਨੂੰ ਸੁਨੇਹਾ ਦਿੱਤਾ ਕਿ ਇਹ ਇਤਿਹਾਸਕ ਮੋਰਚਾ ਉਨਾ ਚਿਰ ਹੀ ਚੱਲਦਾ ਰਹੇਗਾ ਜਿੰਨਾ ਚਿਰ ਮੰਗਾਂ ਦਾ ਹੱਲ ਨਹੀਂ ਕਰ ਦਿੱਤਾ ਜਾਂਦਾ।

'ਆਪ' ਲੋਕ ਸਭਾ ਚੋਣਾਂ 'ਚ 13 ਸੀਟਾਂ 'ਤੇ ਕਰੇਗੀ ਸ਼ਾਨਦਾਰ ਜਿੱਤ ਹਾਸਲ : ਈਟੀਓ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀਆਂ ਲੋਕ ਭਲਾਈ ਨੀਤੀਆਂ ਤੋਂ ਖੁਸ਼ ਹੋ ਕੇ ਵੱਡੇ ਪੱਧਰ ਤੇ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਦਿਨੋਂ-ਦਿਨ ਆਮ ਆਦਮੀ ਪਾਰਟੀ ਦਾ ਕੁਨਬਾ ਲਗਾਤਾਰ ਵੱਧ ਰਿਹਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਰਦਿਆਂ ਕਿਹਾ ਕਿ ਆਮ ਆਦਮੀ ਸਰਕਾਰ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਪਿੰਡ ਸਰਜਾ ਦੇ ਲੋਕਾਂ ਨੇ ਕਾਂਗਰਸ ਅਤੇ ਅਕਾਲੀ ਦਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਸਮੋਂ ਕੀਤਾ।ਉਨ੍ਹਾਂ ਦੱਸਿਆ ਕਿ ਇਹ ਸਮੁੱਚਾ ਪਿੰਡ ਇਕ ਪਾਸੇ ਹੋ ਗਿਆ ਅਤੇ ਹੁਣ ਵਿਰੋਧੀ ਧਿਰ ਨੂੰ ਬੂਥ ਲਗਾਉਣ ਲਈ ਵਰਕਰ ਤੱਕ ਵੀ ਨਹੀਂ ਲੱਭਣੇ।ਸ: ਈਟੀਓ ਨੇ ਦੱਸਿਆ ਕਿ ਇਨ੍ਹਾਂ ਦੇ ਸ਼ਾਮਲ ਹੋਣ ਨਾਲ ਆਮ ਆਦਮੀ ਪਾਰਟੀ ਨੂੰ ਭਾਰੀ ਬਲ ਮਿਲਿਆ ਹੈ।

ਉਨਾਂ ਕਿਹਾ ਕਿ ਆਉਂਦੀਆਂ ਲੋਕਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਸੂਬੇ ਦੀਆਂ 13 ਸੀਟਾਂ ਤੇ ਬੇਮਿਸਾਲ ਜਿੱਤ ਹਾਸਿਲ ਕਰੇਗੀ।ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਆਮ ਆਦਮੀ ਦੀ ਪਾਰਟੀ ਹੈ ਅਤੇ ਆਮ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਨੂੰ ਛੱਡ ਕੇ ਆਪ ਵਿੱਚ ਸ਼ਾਮਲ ਹੋਏ ਵਰਕਰਾਂ ਨੂੰ ਭਰੋਸਾ

ਦਵਾਇਆ ਕਿ ਤੁਹਾਡਾ ਪਾਰਟੀ ਵਿੱਚ ਬਣਦਾ ਮਾਨ ਸਤਿਕਾਰ ਕੀਤਾ ਜਾਵੇਗਾ। ਈ.ਟੀ.ਓ. ਨੇ ਦੱਸਿਆ ਦਿ ਪਿੰਡ ਸਰਜਾ ਦੇ ਆਨੰਦ ਸਿੰਘ ਮੌਜੂਦਾ ਮੈਂਬਰ ਪੰਚਾਇਤ, ਪ੍ਰਗਟ ਸਿੰਘ, ਨਿਸ਼ਾਨ ਸਿੰਘ, ਹਰਜੀਤ ਸਿੰਘ, ਸਤਨਾਮ ਸਿੰਘ, ਗੁਰਬਾਜ਼ ਸਿੰਘ ਹਰਦੀਪ ਸਿੰਘ, ਕਸ਼ਮੀਰ ਸਿੰਘ ਦਵਿੰਦਰ ਸਿੰਘ, ਮਨਜੀਤ ਕੌਰ ਮਨੀ ਤੋਂ ਇਲਾਵਾ 100 ਤੋ ਵੱਧ ਪਿੰਡ ਵਾਸੀ ਕਾਂਗਰਸੀ ਅਤੇ ਅਕਾਲੀਆਂ ਨੂੰ ਅਲਵਿਦਾ ਆਖ ਕੇ ਆਪਣੇ ਸੈਂਕੜੇ ਸਾਥੀਆਂ ਸਮੇਤ ਸ਼ਾਮਲ ਹੋਏ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਦੇ ਸ਼ਾਮਿਲ ਹੋਣ ਨਾਲ ਪਾਰਟੀ ਨੂੰ ਬਲ ਮਿਲਿਆ ਹੈ ਅਤੇ ਸ਼ਾਮਿਲ ਹੋਣ ਵਾਲੇ ਸਾਰੇ ਪਰਿਵਾਰਾਂ ਦਾ ਆਮ ਆਦਮੀ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਕੀਤਾ ਜਾਵੇਗਾ।

'ਵਿਜ਼ੂਅਲ ਆਨ ਮਾਈ ਫਾਈਨਾਂਸ ਕਰੀਅਰ' ਵਿਸ਼ੇ 'ਤੇ ਪ੍ਰੋਗਰਾਮ

ਦੀਨਾਨਗਰ (ਸੰਜੀਵ)-ਐੱਸ. ਐੱਸ. ਐੱਮ. ਕਾਲਜ ਦੀਨਾਨਗਰ ਵਿਖੇ ਡਾ. ਆਰ. ਕੇ. ਤੁਲੀ ਦੀ ਪ੍ਰਧਾਨਗੀ ਹੇਠ ਅੰਗਰੇਜ਼ੀ ਵਿਭਾਗ ਵੱਲੋਂ ਵਿਜ਼ੂਅਲ ਆਨ ਮਾਈ ਫਾਈਨਾਂਸ ਕਰੀਅਰ' ਵਿਸ਼ੇ 'ਤੇ ਪਾਠਕ੍ਰਮ ਸੰਸ਼ੋਧਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਦੀ ਸ਼ੁਰੂਆਤ ਪ੍ਰਾਰਥਨਾ ਗਾਇਨ ਨਾਲ ਹੋਈ।ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਸ਼ੁਭਕਿਰਨ ਨੇ ਇਸ ਦੇ ਉਦੇਸ਼ ਅਤੇ ਰੂਪ-ਰੇਖਾ ਬਾਰੇ ਜਾਣਕਾਰੀ ਦਿੰਦੇ ਹੋਏ ਪਾਠਕ੍ਰਮ ਦੀ ਰਚਨਾਤਮਕਤਾ ਤਰਕਸ਼ੀਲਤਾ, ਪ੍ਰਗਟਾਵੇ ਦੇ ਹੁਨਰ ਅਤੇ ਕੁਇਜ਼-ਚਰਚਾ ਦੇ ਨਵੇਂ ਪੜਾਵਾਂ 'ਤੇ ਚਾਨਣਾ ਪਾਇਆ।ਪਾਠਕ੍ਰਮ ਸੰਸ਼ੋਧਨ ਪ੍ਰੋਗਰਾਮ ਨੂੰ ਇਕ ਵਧੀਆ ਉਪਰਾਲਾ ਦੱਸਦਿਆਂ ਪ੍ਰੋਫੈਸਰ ਨੇ ਕਿਹਾ ਕਿ ਪੜ੍ਹਾਈ ਦੌਰਾਨ ਵਿਦਿਆਰਥੀਆਂ ਦੀ ਸੂਝ-ਬੂਝ ਨੂੰ ਪ੍ਰਫੁੱਲਤ ਕਰਨ ਲਈ ਅਜਿਹੇ ਪ੍ਰੋਗਰਾਮਾਂ ਦਾ ਆਯੋਜਨ ਕਰਨਾ ਬਹੁਤ ਜ਼ਰੂਰੀ ਹੈ।ਉਨ੍ਹਾਂ ਵਿੱਚ ਇਕਾਗਰਤਾ ਅਤੇ ਪਾਠਾਂ ਨੂੰ ਸਰਲ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਪ੍ਰੋਗਰਾਮ ਵਿੱਚ ਇੱਕ ਦਸਤਾਵੇਜ਼ੀ ਫਿਲਮ ਵੀ ਦਿਖਾਈ ਗਈ।ਕੁਇਜ਼ ਦੌਰਾਨ ਵਿਦਿਆਰਥੀਆਂ ਨੇ ਆਪਣੀ ਉਤਸੁਕਤਾ ਨੂੰ ਬਹੁਤ ਹੀ ਵਧੀਆ ਢੰਗ ਨਾਲ ਪੂਰਾ ਕੀਤਾ।ਕੁਇਜ਼ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਵਿਭਾਗ ਦੇ ਮੁਖੀ ਡਾ: ਸ਼ੁਭਕਿਰਨ, ਡਾ: ਹਰਿੰਦਰ ਕੌਰ, ਪ੍ਰੋ: ਰੋਜ਼ੀ ਬਾਲਾ, ਪ੍ਰੋ: ਅਨੂ, ਪ੍ਰੋ. ਸਾਹਿਲ , ਪ੍ਰੋ: ਰਵਨੀਤ ਕੌਰ, ਪ੍ਰੋ: ਸ਼ਿਵਾਨੀ, ਪ੍ਰੋ. ਪ੍ਰਿਆ, ਪ੍ਰੋ: ਦੀਪਿਕਾ ਹਾਜ਼ਰ ਸਨ।

ਖਾਲੜਾ ਵਿਖੇ ਹਿੰਦ-ਪਾਕਿ ਵੰਡ ਤੋਂ ਪਹਿਲਾਂ ਬਣੇ ਆਲੀਸ਼ਾਨ ਵਿਸ਼ਰਾਮ ਘਰ ਨੇ ਧਾਰਿਆ ਖੰਡਰ ਦਾ ਰੂਪ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ) ਹਿੰਦ-ਪਾਕਿ ਸਰਹੱਦ 'ਤੇ ਵੱਸਿਆ ਸਰਹੱਦੀ ਕਸਬਾ ਖਾਲੜਾ ਜੋ ਹਿੰਦ ਪਾਕਿ ਦੀ ਵੰਡ ਤੋਂ ਪਹਿਲਾਂ ਵਪਾਰ ਦਾ ਧੁਰਾ ਹੁੰਦਾ ਸੀ ਅਤੇ ਖਾਲੜਾ ਨੂੰ ਮਿਰਚਾਂ ਦੀ ਏਸ਼ੀਆ ਦੀ ਸਭ ਤੋਂ ਵੱਡੀ ਮੰਡੀ ਵਜੋਂ ਵੀ ਜਾਣਿਆ ਜਾਂਦਾ ਸੀ ਜਿਸ ਦਾ ਵਪਾਰ ਦੇਸ਼ ਦੀ ਵੰਡ ਤੋਂ ਪਹਿਲਾਂ ਲਾਹੌਰ ਤੇ ਦਿੱਲੀ ਤੱਕ ਚੱਲਦਾ ਸੀ।ਇਸ ਦੇਸ਼ ਉਪਰ ਫਰੰਗੀਆਂ ਵੱਲੋਂ ਰਾਜ ਕਰਨ ਸਮੋਂ ਡਿਫੈਂਸ ਡਰੇਨ ਕੋਲ ਨਹਿਰੀ ਵਿਸ਼ਰਾਮ ਘਰ ਬਣਾਇਆ ਗਿਆ ਸੀ, ਜਿਸ ਵਿੱਚ ਸਮੋਂ-ਸਮੋਂ ਫਰੰਗੀ ਅਫਸਰਾਂ ਤੋਂ ਬਿਨਾਂ ਵੱਖ-ਵੱਖ ਸਮੋਂ ਵਿੱਚ ਆਈਆਂ ਸੂਬਾ ਸਰਕਾਰਾਂ ਦੇ ਮੁੱਖ ਮੰਤਰੀਆਂ ਕੈਬਨਿਟ ਮੰਤਰੀਆਂ 'ਤੇ ਉੱਚ ਕੋਟੀ ਦੇ ਅਧਿਕਾਰੀਆਂ ਨੇ ਇਸ ਵਿਸ਼ਰਾਮ ਘਰ ਵਿੱਚ ਠਹਿਰਾਅ ਕੀਤਾ ਸੀ ਪਰ ਸਮੋਂ ਸਮੋਂ ਸੂਬੇ ਅੰਦਰ ਬਣੀਆਂ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਦੇ ਨੁਮਾਇੰਦਿਆਂ ਨੇ ਇਸ ਆਲੀਸ਼ਾਨ ਵਿਸ਼ਰਾਮ ਘਰ ਦੀ ਮੁਰੰਮਤ ਨੂੰ ਅੱਖੋਂ ਪਰੋਖੇ ਕਰਕੇ ਇਸ ਦਾ ਨਵੀਨੀਕਰਨ ਕਰਨ ਲਈ ਕਈ ਹਵਾਈ ਐਲਾਨ ਕੀਤੇ ਜੋ ਸਿਰਫ ਬਿਆਨਾਂ ਤੱਕ ਹੀ ਸੀਮਤ ਰਹਿ ਗਏ ਅਤੇ ਇਹ ਆਲੀਸ਼ਾਨ ਵਿਸ਼ਰਾਮ ਘਰ ਅੱਜ ਖੰਡਰ ਦਾ ਰੂਪ ਧਾਰਨ ਕਰ ਚੁੱਕਾ ਹੈ।ਜ਼ਿਕਰਯੋਗ ਹੈ ਕਿ ਇਹ ਨਹਿਰੀ ਵਿਸ਼ਰਾਮ ਘਰ (ਰੈਸਟ ਹਾਊਸ) ਜੋ ਤਕਰੀਬਨ 4 ਏਕੜ ਵਿੱਚ ਬਣਿਆ ਹੈ ਜਿਸ ਵਿੱਚ ਲੱਖਾਂ ਰੁਪਏ ਦੀ ਲਾਗਤ ਨਾਲ ਬਣੀਆ ਬਿਲਡਿੰਗਾਂ ਖੰਡਰ ਦਾ ਰੂਪ ਧਾਰਨ ਕਰ ਚੁੱਕੀਆ ਹਨ।ਇਹ ਬਿਲਡਿੰਗਾਂ ਜੋ ਜਿਲ੍ਹੇਦਾਰ, ਜੇਈ, ਓਵਰਸੀਰ, ਤਾਰ ਬਾਊ ਅਤੇ ਹੋਰ ਕਰਮਚਾਰੀਆਂ ਦੀਆਂ ਲੱਖਾਂ ਰੁਪਏ ਨਾਲ ਬਣੀਆਂ ਇਮਾਰਤਾਂ ਸਰਕਾਰਾਂ ਦੀ ਲਾਪਰਵਾਹੀ ਨਾਲ ਮਿੱਟੀ ਹੋ ਚੁੱਕੀਆਂ ਹਨ। ਦੂਸਰੇ ਪਾਸੇ ਰੈਸਟ ਹਾਊਸ ਦੀ ਬਿਲਡਿੰਗ ਆਰਮੀ ਦੇ ਕਰਨਲ, ਬਰਗੇਡੀਅਰ ਅਤੇ ਜ਼ਰਨਲ ਆਦਿ ਹੋਰ ਵੱਡੇ

ਅਧਿਕਾਰੀਆਂ ਦਾ ਇਸ ਰੈਸਟ ਹਾਊਸ ਵਿੱਚ ਮੀਟਿੰਗ ਕਰਨ ਲਈ ਜਾਂ ਰਾਤ ਠਹਿਰਨ ਲਈ ਪੂਰਾ ਪ੍ਰਬੰਧ ਸੀ ਤੇ ਪਿਛਲੇ ਸਮੇ ਇਸ ਰੈਸਟ ਹਾਊਸ ਵਿੱਚ ਸੌਫਾ ਸੈੱਟ, ਡਬਲ-ਬੈੱਡ, ਡਾਇਨਿਗ ਟੇਬਲ, ਕੁਰਸੀਆਂ, ਗੀਜ਼ਰ ਅਤੇ ਬਿਜ਼ਲੀ ਦੇ ਪੱਖੇ, ਲਾਇਟਾਂ ਆਦਿ ਦਾ ਪ੍ਰਬੰਧ ਸੀ। ਪਰ ਜੋ ਅੰਦਰਖਾਤੇ ਮੁਲਾਜ਼ਮਾ ਦੀ ਮਿਲੀਭੁਗਤ ਨਾਲ ਖਤਮ ਹੋ ਗਿਆ ਹੈ।ਦੱਸ ਦਈਏ ਕਿ ਪਿਛਲੇ ਕੁੱਝ ਸਾਲ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਵਰਗਵਾਸੀ ਗੁਰਚਰਨ ਸਿੰਘ ਟੌਹੜਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਰਪ੍ਰਸਤ ਸਿਮਰਨਜੀਤ ਸਿੰਘ ਮਾਨ ਵੀ ਇਸ ਰੈਸਟ ਹਾਊਸ ਵਿੱਚ ਨਜ਼ਰਬੰਦ ਰਹੇ।ਪਰ ਉਸ ਸਮੋਂ ਇਸ ਰੈਸਟ ਹਾਊਸ ਦੀ ਚਾਰਦਿਵਾਰੀ, ਬਿਜ਼ਲੀ, ਅਤੇ ਰਹਿਣ ਦਾ ਪੂਰਾ ਪ੍ਰਬੰਧ ਸੀ। ਹੁਣ ਇਸ ਰੈਸਟ ਹਾਊਸ ਦਾ ਚਿੱਠਾ ਖੋਲਿਆ ਜਾਵੇ ਤਾਂ ਤੁਸੀ ਹੈਰਾਨ ਪ੍ਰੇਸ਼ਾਨ ਰਹਿ ਜਾਉਗੇ। ਇੱਥੋ ਤੱਕ ਸਭ ਤੋਂ ਪਹਿਲਾਂ ਇਸ ਰੈੱਸਟ ਹਾਊਸ ਦੀ ਚਾਰ ਦੁਆਰੀ ਪੂਰੀ ਤਰ੍ਹਾ ਡਿੱਗ ਚੁੱਕੀ ਹੈ, ਬਿਜ਼ਲੀ ਦੀ ਵੈਰਿੰਗ, ਬੈਠਣ ਨੂੰ ਫਰਨੀਚਰ, ਪੱਖੇ, ਲਾਇਟਾਂ ਤੱਕ ਨਹੀਂ ਹਨ। ਕਮਰਿਆਂ ਦੀਆ ਬੂਹੇ ਬਾਰੀਆਂ ਟੁੱਟੀਆਂ ਪਈਆਂ ਹਨ, ਖਾਣਾ ਬਣਾਉਣ ਵਾਲੀ ਰਸੋਈ ਵੀ ਬਿਲਕੁੱਲ ਖਸਤਾ ਹੋ ਚੁੱਕੀ ਹੈ, ਪਖਾਨੇ ਵੀ ਬਿਲਕੁੱਲ ਬੰਦ ਹੋ ਚੁੱਕੇ ਹਨ ਅਤੇ ਮਹਿਕਮੇ ਵੱਲੋਂ ਇਸ ਰੈਸਟ ਹਾਊਸ ਦੀ ਕੋਈ ਦੇਖਭਾਲ ਨਹੀਂ ਕੀਤੀ ਜਾ ਰਹੀ ਹੈ।ਇਸ ਰੈਸਟ ਹਾਊਸ ਦੇ ਰਕਬੇ ਅੰਦਰ ਖਾਲੀ ਪਈ ਜਮੀਨ ਠੇਕੇ ਤੇ ਵੀ ਦਿੱਤੀ ਜਾਂਦੀ ਰਹੀ ਹੈ। ਜੇਕਰ ਸਲਾਨਾ ਠੇਕਾ ਇਸ ਰੈਸਟ ਹਾਊਸ ਤੇ ਲਗਾਇਆ ਜਾਂਦਾ ਤਾਂ ਇਹ ਇਮਾਰਤਾਂ ਖੰਡਰ ਹੋਣ ਤੋਂ ਬਚ ਸਕਦੀਆਂ ਸਨ । ਪ੍ਰੰਤੂ ਸੰਬੰਧਿਤ ਮਹਿਕਮੇ ਦੀ ਲਾਪਰਵਾਹੀ ਕਾਰਨ ਇਸ ਰੈਸਟ ਹਾਊਸ ਦੀ ਹੋਂਦ ਖਤਮ ਹੋਣ ਦੇ ਕਿਨਾਰੇ ਹੈ ਅਤੇ ਹੁਣ ਇਸ ਰੈਸਟ ਹਾਊਸ ਵਿੱਚ ਸਿਰਫ ਸਵੀਪਰ ਤੇ ਚੌਕੀਦਾਰ ਹੀ ਰਹਿ ਗਏ ਹਨ।ਜ਼ਿਲ੍ਹੇਦਾਰ, ਓਵਰਸੀਰ, ਜੇ.ਈ, ਰਸੋਈਆ, ਅਤੇ ਮਾਲੀ ਬਿਲਕੁੱਲ ਇਸ ਰੈਸਟ ਹਾਊਸ ਵਿੱਚੋਂ ਗਾਇਬ ਹਨ। ਇਸ ਰੈਸਟ ਹਾਊਸ ਵਿੱਚ ਫਲਦਾਰ ਬੂਟਿਆਂ ਤੋਂ ਇਲਾਵਾ ਅਨੇਕਾਂ ਕਿਸਮ ਦੇ ਹੋਰ ਵੀ ਰੁੱਖ ਸਨ, ਜੋ ਕਿ ਸਮੋਂ ਦੀਆਂ ਸਰਕਾਰਾਂ ਤੇ ਅਧਿਕਾਰੀਆਂ ਦੀ ਲਾਪਰਵਾਹੀ ਨਾਲ ਅਲੋਪ ਹੋ ਗਏ ਹਨ । ਉਧਰ ਇਸ ਮੌਕੇ ਸਮਾਜ ਸੇਵੀਆਂ ਤੋਂ ਇਲਾਵਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਦਿਲਬਾਗ ਸਿੰਘ ਪਹੂਵਿੰਡ, ਭਾਰਤੀ ਕਿਸਾਨ ਯੂਨੀਅਨ ਅੰਬਾਵਤਾ ਦੇ ਜ਼ਿਲ੍ਹਾ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਨੇ ਸੂਬਾ ਸਰਕਾਰ ਪਾਸੋਂ ਮੰਗ ਕੀਤੀ ਕਿ ਅੰਗਰੇਜ਼ਾਂ ਵੇਲੇ ਦੇ ਪੁਰਾਤਨ ਰੈਸਟ ਹਾਊਸ ਦੀ ਦੇਖਭਾਲ ਕੀਤੀ ਜਾਵੇ ਅਤੇ ਇਸਦੀ ਖਸਤਾ ਹੋਈ ਬਿਲਡਿੰਗ ਨੂੰ ਮੁੜ ਵਿਸਰਜਿਤ ਕਰਕੇ ਵਿਕਾਸ ਕਾਰਜ ਕਰਵਾ ਕੇ ਇਸਦੀ ਸੁੰਦਰਤਾ ਨੂੰ ਨਿਖਾਰਿਆ ਜਾਵੇ ।

ਉਨ੍ਹਾਂ ਨਾਲ ਇਹ ਵੀ ਕਿਹਾ ਕਿ ਅਧਿਕਾਰੀਆਂ ਵੱਲੋਂ ਇਸ ਬਿਲਡਿੰਗ ਦੀ ਖਾਲੀ ਪਈ ਜਗ੍ਹਾ ਵਿੱਚ ਲਗਾਏ ਗਏ ਰੁੱਖਾਂ ਦੀ ਕੀਤੀ ਗਈ ਕਟਾਈ ਸਬੰਧੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਅਤੇ ਬਿਲਡਿੰਗ ਅੰਦਰ ਮੌਜੂਦ ਮਟੀਰੀਅਲ ਦੇ ਗਾਇਬ ਹੋਣ ਦੀ ਵੀ ਜਾਂਚ ਕਰਵਾ ਕੇ ਸੱਚ ਸਾਹਮਣੇ ਲਿਆਂਦਾ ਜਾਵੇ ਅਤੇ ਬਣਦੇ ਅਧਿਕਾਰੀਆਂ ਖਿਲਾਫ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਕੋਟਲ਼ਾ ਦੇ ਮੋਹਤਬਰਾਂ ਵੱਲੋਂ ਐੱਸ ਐੱਚ ਓ ਤਰਸਿੱਕਾ ਸਨਮਾਨਿਤ

ਟਾਂਗਰਾ: (ਲਾਡੀ ਮੱਲ੍ਹੀ)-ਐੱਸਆਈ

30-March-PAGE-4.qxd 3/29/2024 9:38 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 30 ਮਾਰਚ 2024

ਮਾਤਾ ਦੀ ਗੋਦ 'ਚ

ਮਾਈਨਿੰਗ ਮਾਫੀਆ ਜਨਾਰਦਨ ਰੈਡੀ ਮੁੜ ਭਾਜਪਾ ਵਿਚ ਸ਼ਾਮਲ ਹੋ ਗਿਆ ਹੈ। ਉਹ ਕੋਈ ਮਾਮੂਲੀ ਬੰਦਾ ਨਹੀਂ। ਭਾਜਪਾ ਵਿਚ ਰਹਿੰਦਿਆਂ ਉਸ ਨੇ ਖੂਬ ਮਾਲ ਕਮਾਇਆ। ਮਰਹੂਮ ਕੇਂਦਰੀ ਮੰਤਰੀ ਸੁਸ਼ਮਾ ਸਵਰਾਜ, ਜਿਸ ਨੇ ਖੁਦ ਕਰਨਾਟਕ ਵਿਚ ਸੋਨੀਆ ਗਾਂਧੀ ਖਿਲਾਫ ਲੋਕ ਸਭਾ ਚੋਣ ਲੜੀ ਸੀ, ਦੀ ਰੈਡੀ 'ਤੇ ਕਾਫੀ ਮਿਹਰਬਾਨੀ ਰਹੀ, ਪਰ ਜਦੋਂ ਰੈਡੀ ਦੀ ਤਾਕਤ ਤੇ ਭ੍ਰਿਸ਼ਟਾਚਾਰ ਦੀ ਕਹਾਣੀ ਪਾਰਟੀ ਨੂੰ ਬਦਨਾਮ ਕਰਨ ਲੱਗੀ ਤਾਂ ਸੁਸ਼ਮਾ ਨੇ ਵੀ ਹੱਥ ਖਿੱਚ ਲਏ। ਰੈਡੀ ਨੂੰ ਵਾਪਸ ਲਿਆ ਕੇ ਭਾਜਪਾ ਨੇ ਕੋਈ ਸ਼ਰਮ ਨਹੀਂ ਕੀਤੀ। ਕਰੇ ਵੀ ਕਿਉਂ। ਰੈਡੀ ਦੀ ਵਾਪਸੀ ਨੂੰ ਹਿਮੰਤਾ ਬਿਸਵਾ ਸ਼ਰਮਾ, ਸੁਭੇਂਦੂ ਅਧਿਕਾਰੀ, ਛਗਨ ਭੁਜਬਲ, ਅਜੀਤ ਪਵਾਰ, ਅਸ਼ੋਕ ਚਵਾਨ, ਨਾਰਾਇਣ ਰਾਣੇ ਤੇ ਹਾਰਦਿਕ ਪਟੇਲ ਦੀ ਕੜੀ ਵਿਚ ਹੀ ਦੇਖਣਾ ਚਾਹੀਦਾ ਹੈ। ਕਰਨਾਟਕ ਦੇ ਯੇਦੀਯੁਰੱਪਾ ਦੀ ਕਹਾਣੀ ਵੀ ਸਭ ਜਾਣਦੇ ਹਨ। ਕਾਫੀ ਬਦਨਾਮ ਨੇਤਾ ਰਹੇ, ਮੁੱਖ ਮੰਤਰੀ ਵੀ ਰਹੇ। ਪਾਰਟੀ ਤੋਂ ਅੱਡ ਵੀ ਹੋਏ। ਆਪਣੀ ਪਾਰਟੀ ਵੀ ਬਣਾਈ। ਚੋਣ ਲੜੇ, ਗੱਲ ਨਹੀਂ ਬਣੀ ਤਾਂ ਫਿਰ ਭਾਜਪਾ ਵਿਚ ਸਮਾ ਗਏ। ਫਿਰ ਮੁੱਖ ਮੰਤਰੀ ਬਣ ਗਏ। ਜਿਸ ਤਰ੍ਹਾਂ ਯੇਦੀਯੁਰੱਪਾ ਉੱਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ ਭਾਜਪਾ ਦੀ ਵਾਸ਼ਿੰਗ ਮਸ਼ੀਨ ਵਿਚ ਧੁਲ ਗਏ, ਉਸੇ ਤਰ੍ਹਾਂ ਰੈਡੀ ਦੇ ਵੀ ਧੁਲ ਜਾਣਗੇ। ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਕੇਂਦਰੀ ਏਜੰਸੀਆਂ ਉਸ ਨੂੰ ਕਿੰਨੀ ਛੇਤੀ ਕਲੀਨ ਚਿੱਟ ਦਿੰਦੀਆਂ ਹਨ। ਰੈਡੀ ਨੂੰ ਕਲੀਨ ਚਿੱਟ ਮਿਲਣ 'ਤੇ ਕਿਸੇ ਨੂੰ ਹੈਰਾਨੀ ਨਹੀਂ ਹੋਵੇਗੀ। ਸੀ ਬੀ ਆਈ ਨੇ ਸ਼ਰਦ ਪਵਾਰ ਦਾ ਸਾਥ ਛੱਡ ਕੇ ਐੱਨ ਸੀ ਪੀ (ਅਜੀਤ) ਬਣਾ ਕੇ ਭਾਜਪਾ ਦੀ ਅਗਵਾਈ ਵਾਲੇ ਗੱਠਜੋੜ (ਐੱਨ ਡੀ ਏ) ਵਿਚ ਸ਼ਾਮਲ ਹੋਏ ਸਾਬਕਾ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁਲ ਪਟੇਲ ਨੂੰ ਏਅਰ ਇੰਡੀਆ ਵਿਚ ਹੋਏ ਘਪਲਿਆਂ ਵਿਚ ਕਲੀਨ ਚਿੱਟ ਦੇ ਦਿੱਤੀ ਹੈ, ਜਦਕਿ ਈ ਡੀ ਨੇ ਮਈ 2019 ਵਿਚ ਸਪੈਸ਼ਲ ਕੋਰਟ 'ਚ ਕਿਹਾ ਸੀ ਕਿ ਪਟੇਲ ਦਲਾਲ ਦੀਪਕ ਤਲਵਾੜ ਦਾ ਡੀਅਰ ਫਰੈਂਡ ਹੈ, ਜਿਸ ਨੇ 2008-09 ਵਿਚ ਏਅਰ ਇੰਡੀਆ ਦੇ ਮੁਨਾਫੇ ਵਾਲੇ ਰੂਟ ਨਿੱਜੀ ਕੰਪਨੀਆਂ ਨੂੰ ਦਿਵਾਉਣ ਵਿਚ ਅਹਿਮ ਰੋਲ ਅਦਾ ਕੀਤਾ ਸੀ।

ਭਾਜਪਾ ਨੂੰ ਉਮੀਦ ਹੈ ਕਿ ਰੈਡੀ ਦੇ ਆਉਣ ਨਾਲ ਉਹ ਮਜ਼ਬੂਤ ਹੋਵੇਗੀ ਤੇ ਵੱਡੀ ਜਿੱਤ ਹਾਸਲ ਕਰੇਗੀ। ਸਤੰਬਰ 2015 ਵਿਚ ਸੀ ਬੀ ਆਈ ਨੇ ਰੈਡੀ ਨੂੰ ਕਰਨਾਟਕ ਦੇ ਬੇਲਾਰੀ ਤੇ ਆਂਧਰਾ ਦੇ ਅਨੰਤਪੁਰ ਵਿਚ ਕਰੋੜਾਂ ਰੁਪਈਆਂ ਦੀ ਦੇਗ ਦੀ ਗੈਰਕਾਨੂੰਨੀ ਮਾਈਨਿੰਗ ਦੇ ਦੋਸ਼ ਵਿਚ ਗ੍ਰਿਫਤਾਰ ਵੀ ਕੀਤਾ ਸੀ। ਉਸ 'ਤੇ ਬੇਲਾਰੀ, ਅਨੰਤਪੁਰ ਤੇ ਕਡੱਪਾ ਜਾਣ 'ਤੇ ਰੋਕ ਵੀ ਲੱਗੀ ਸੀ। ਉਸ ਖਿਲਾਫ ਸੀ ਬੀ ਆਈ ਨੇ 9 ਕੇਸ ਦਰਜ ਕੀਤੇ ਹੋਏ ਹਨ। ਉਸ ਨੂੰ ਨਾਲ ਰਲਾ ਕੇ ਭਾਜਪਾ ਨੇ ਫਿਰ ਸਾਬਤ ਕਰ ਦਿੱਤਾ ਹੈ ਕਿ ਸੱਤਾ ਲਈ ਉਹ ਕਿਸੇ ਵੀ ਹੱਦ ਤੱਕ ਜਾ ਕੇ ਸਮਝੌਤੇ ਕਰ ਸਕਦੀ ਹੈ। ਰੈਡੀ ਨੇ ਭਾਜਪਾ ਵਿਚ ਆਉਣ ਬਾਅਦ ਜਿਹੜਾ ਬਿਆਨ ਦਿੱਤਾ ਹੈ, ਉਹ ਵੀ ਕਾਫੀ ਦਿਲਚਸਪ ਹੈ। ਉਸ ਨੇ ਕਿਹਾ-ਭਾਜਪਾ ਵਿਚ ਪਰਤ ਕੇ ਮੈਂ ਆਪਣੀ ਮਾਤਾ ਦੀ ਗੋਦ ਵਿਚ ਆ ਗਿਆ ਹਾਂ। ਆਪਣੀ ਜੜ੍ਹ ਨਾਲ ਜੁੜ ਗਿਆ ਹਾਂ। ਦਰਅਸਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ 400 ਤੋਂ ਵੱਧ ਸੀਟਾਂ ਜਿੱਤਣ ਦਾ ਨਾਅਰਾ ਰੈਡੀ ਵਰਗਿਆਂ ਦੇ ਸਹਾਰੇ ਹੀ ਬੁਲੰਦ ਕਰ ਰਹੇ ਹਨ।

ਦੇਸ਼ ਨੂੰ ਘਟੀਆ ਕਿਰਦਾਰ ਵਾਲੇ ਲੀਡਰਾਂ ਤੋਂ ਬਚਾਉਣ ਦੀ ਲੋੜ

ਭਾਰਤ ਵਰਗਾ ਵਿਸ਼ਾਲ ਲੋਕਤੰਤਰੀ ਦੇਸ਼ ਰਾਜਨੀਤਕ ਪਾਰਟੀਆਂ ਅਤੇ ਉਹਨਾਂ ਨਾਲ ਜੁੜੇ ਵਧੀਆ ਆਗੂਆਂ ਨੇ ਹੀ ਸਹੀ ਚਲਾਉਣਾ ਹੈ। ਲੋਕਾਂ ਨੇ ਇਹਨਾਂ ਨੂੰ ਵੋਟਾਂ ਪਾ ਕੇ ਚੁਣਨਾ, ਇਹ ਸੱਚ ਹੈ। ਲਓ ਫਿਰ ਆ ਗਿਆ ਚੁਣਨ ਦਾ ਵੇਲਾ। ਪਹਿਲਾਂ ਜ਼ਰਾ ਪਹਿਲੇ ਦਰਸ਼ਨ ਮੇਲੇ ਕਰ ਲਈਏ।

ਪਾਰਟੀਆਂ ਚਲਾਉਣ ਲਈ ਫੰਡ/ਚੰਦਾ ਤਾਂ ਜ਼ਰੂਰੀ, ਲੋਕ ਦਿੰਦੇ ਵੀ ਆਏ, ਦੇਣਾ ਵੀ ਚਾਹੀਦਾ, ਪਰ 5-6 ਸਾਲਾਂ ਤੋਂ ਸਰਕਾਰ ਵੱਲੋਂ ਕਨੂੰਨ ਬਣਾ ਕੇ ਨਵਾਂ ਈ ਚਲਨ ਚਲਾ ਲਿਆ ਗਿਆ 'ਇਲੈਕਟੋਰਲ ਬਾਂਡ'। ਯਾਨਿ ਕਿ ਗੁਪਤ ਜਿੰਨੇ ਮਰਜ਼ੀ ਪੈਸੇ ਕਿਸੇ ਪਾਰਟੀ ਨੂੰ ਦਿਓ, ਟੈਕਸ ਛੋਟ ਲਓ, ਕਿਸੇ ਨੂੰ ਪਤਾ ਨਾ ਲੱਗੂ। ਇਸ ਕਾਨੂੰਨ ਨੂੰ ਸੁਪਰੀਮ ਕੋਰਟ ਨੇ ਗੈਰ-ਕਨੂੰਨੀ ਕਰਾਰ ਦੇ ਕੇ ਰੱਦ ਕਰ ਦਿੱਤਾ ਹੈ, ਕਿਉਂਕਿ ਪਾਰਟੀਆਂ ਨੂੰ ਕਾਰੋਬਾਰੀ ਤੇ ਹੋਰ ਵੱਡੇ ਠੱਗ ਲੋਕ ਸੈਂਕੜੇ ਹਜ਼ਾਰਾਂ ਕਰੋੜ ਦੇਣ ਲੱਗ ਪਏ ਸਨ। ਇਵਜ਼ ਵਿਚ ਵੱਡੇ ਠੇਕੇ ਮਿਲੇ, ਅਰਬਾਂ ਦੇ ਬੈਂਕ ਲੋਨ ਮਾਫ ਹੋਣ ਲੱਗ ਪਏ, ਚਲਦੇ ਘਪਲਿਆਂ ਦੇ ਕੇਸ ਬੰਦ ਹੋਏ ਤੇ ਦੋ-ਨੰਬਰੀ ਸਭ ਕਾਰੋਬਾਰ ਕਰਨ ਦੀਆਂ ਖੁੱਲ੍ਹਾਂ ਵੀ ਮਿਲੀਆਂ। ਇੰਜ ਜਨਤਾ ਦਾ ਪੈਸਾ ਲੁੱਟਿਆ, ਲੁਟਾਇਆ ਗਿਆ। ਬਾਂਡ ਅਸਲ 'ਚ ਏਸੇ ਲਈ ਹੀ ਸਨ। ਤੱਥ ਬੋਲੇ ਕਿ 8251 ਕਰੋੜ ਦੇ ਕਰੀਬ ਤਕਰੀਬਨ 50 ਫੀਸਦੀ ਤੋਂ ਵੱਧ ਇਕੱਲੀ ਕੇਂਦਰ 'ਚ ਰਾਜ ਕਰਦੀ ਪਾਰਟੀ ਨੂੰ ਮਿਲਿਆ। ਹੋਰਨਾਂ ਨੂੰ ਵੀ ਬੁਰਕੀ ਮਿਲੀ। ਸੁਪਰੀਮ ਕੋਰਟ 'ਸਿੱਟ' ਬਣਾ ਕੇ ਆਪਣੀ ਨਿਗਰਾਨੀ ਵਿਚ ਸਭ ਦੋਸ਼ੀ ਜੇਲ੍ਹ ਭੇਜੇ। ਲੀਡਰਾਂ ਨੂੰ ਨਿੱਜੀ ਤੌਰ 'ਤੇ ਚੋਰੀ ਦਿੱਤੇ ਜਾਣ ਵਾਲੇ ਪੈਸੇ ਇਸ ਤੋਂ ਅਲੱਗ ਹਨ, ਜੋ ਏਦੋਂ ਵੀ ਕਈ ਗੁਣਾਂ ਵੱਧ, ਉਹਨਾਂ ਨਾਲ ਹੀ ਮਹਿਲ ਮਾੜੀਆਂ ਉਸਰਦੀਆਂ, ਨਿੱਜੀ ਕਾਰੋਬਾਰ ਵਧਦੇ। ਦੂਜੇ ਬੰਨੇ ਲਾਰਿਆਂ ਦੇ ਮਾਰੇ 100 ਕਰੋੜ ਲੋਕ ਮੁੱਦਤਾਂ ਤੋਂ ਭੁੱਖ ਨਾਲ ਘੁਲ ਰਹੇ ਹਨ। ਹੁਣ ਹੋਣਗੇ ਕੁਝ ਕੁ ਖੁਲਾਸੇ। ਚੰਦਰਾ ਚਲਨ ਤਾਂ ਨੰਗਾ ਹੋ ਗਿਆ, ਪਰ ਠੱਲ੍ਹ ਪੈਣੀ ਇਸ ਤੰਤਰ ਦੇ ਹੁੰਦਿਆਂ ਤਾਂ ਸੰਭਵ ਨਹੀਂ ਲੱਗਦੀ।

ਸ਼ਾਇਦ ਕੋਈ ਵਿਚਾਰਧਾਰਾ ਵਰਗੀ ਚੀਜ਼ ਵੀ ਹੋਇਆ ਕਰਦੀ ਸੀ। ਸੁਣਦੇ ਸਾਂ ਕਿ ਵਿਚਾਰਾਂ ਦੇ ਅਲੱਗਪਨ ਕਰਕੇ ਹੀ ਲੋਕ ਵੱਖਰੀਆਂ ਸਿਆਸੀ ਪਾਰਟੀਆਂ ਵਿਚ ਹੁੰਦੇ ਹਨ ਤੇ ਇਹਨਾਂ 'ਚੋਂ ਬੰਦਾ ਤੋੜਨਾ ਸੌਖਾ ਨਹੀਂ ਹੁੰਦਾ। ਗੱਲ ਕਾਫੀ ਹੱਦ ਤੱਕ ਠੀਕ ਸੀ। ਰਾਤੋ-ਰਾਤ ਵਿਚਾਰ ਬਦਲਣੇ ਵੱਡੀ ਬੇਸ਼ਰਮੀ ਤੇ ਝਿਜਕ ਦੀ ਗੱਲ ਸੀ, ਪਰ ਹੁਣ ਇਕ ਆਹ 'ਵਿਕਾਸ' ਵੀ ਕੀਤਾ ਭਾਰਤੀ ਲੋਕਤੰਤਰ ਨੇ ਕਿ ਹਰ ਪਾਰਟੀ 'ਚੋਂ ਕੋਈ ਵੀ ਬੰਦਾ ਕਿਸੇ ਵੀ ਪਾਰਟੀ 'ਚ ਆਈ-ਜਾਈ ਜਾਂਦਾ, ਦਲਬਦਲੂਆਂ ਦੀ ਸਰੋਂ ਵੱਧ ਪੁੱਛ। ਸਵਾਲ ਹੈ ਕਿ ਕੀ ਬੰਦਿਆਂ ਦਾ ਕਿਰਦਾਰ ਨਿੱਘਰ ਗਿਆ ਕਿ ਪਾਰਟੀਆਂ ਹੀ ਵਿਚਾਰਹੀਣ ਰਾਜਸੀ ਗਰੋਹ ਬਣ ਗਈਆਂ ? ਹੋਰ ਵੇਖੋ ਕਿ ਆਪਣੇ ਜਿੱਤਿਆਂ ਅਸੈਂਬਲੀ/ਲੋਕ ਸਭਾ ਮੈਂਬਰਾਂ ਨੂੰ ਘੇਰ ਕੇ ਲੁਕੋਂਦੀਆਂ ਫਿਰਦੀਆਂ ਪਾਰਟੀਆਂ। ਅਖੇ ਇਹਨਾਂ ਨੂੰ ਕੋਈ ਖਰੀਦ ਲੂ, ਡਰਾ ਲੂ। ਉਏ ਪਾਰਟੀਓ, ਤੁਸੀਂ ਅਜਿਹੇ ਡਰਪੋਕਾਂ ਤੇ ਵਿਕਣੀਆਂ ਚਵਲਾਂ ਨੂੰ ਟਿਕਟਾਂ ਦਿੱਤੀਆਂ ਸਨ ? ਤੁਹਾਨੂੰ ਕੋਈ ਬੰਦੇ ਦੀ ਨਸਲ ਨਹੀਂ ਸੀ ਲੱਭੀ ਖਲ੍ਹਾਰਨ ਨੂੰ ?

ਡਾ. ਸੁਰਿੰਦਰ ਮੰਡ (ਪ੍ਰੋਫੈਸਰ)

ਪਾਰਟੀਆਂ ਆਪਣੇ ਵਰਕਰਾਂ, ਲੀਡਰਾਂ ਦੇ ਕੈਂਪ ਲਾਉਣ। ਆਪਣੀ ਵਿਚਾਰਧਾਰਾ ਨਿਆਰਾਪਨ ਸਮਝਾਉਣ। ਵਿਕਾਊ ਮਾਲ 'ਤੇ ਨਜ਼ਰ ਰੱਖਣ। ਜੇ ਜਿੱਤਿਆ ਮੈਂਬਰ ਵਿਕੇ ਤਾਂ ਵੋਟਾਂ ਪਾਉਣ ਵਾਲੇ ਲੋਕ ਵੀ ਉਹਨੂੰ ਸਬਕ ਦੇਣ ਚੰਗਾ ਕਰਾਰਾ।

ਜਿਹੜੇ ਨਾਰੀ (ਮਾਂ) ਨੇ ਜੰਮੇ ਪਾਲੇ, ਨਾਰੀ ਨਾਲ ਵਿਆਹੇ, ਪਰ ਮੀਸਣੇ ਬਣ ਕੇ ਆਪਣੇ ਜੀਆਂ ਨੂੰ ਛੱਡ ਕੇ ਭਗੌੜੇ ਹੋ ਗਏ, ਉਹ ਲੀਡਰ ਤਾਂ ਹੋਰਨਾਂ ਸਭ ਨਾਰੀਆਂ ਲਈ ਸੁਹਿਰਦ ਹੋ ਈ ਨਹੀਂ ਸਕਦੇ। ਜੋ ਵਿਆਹਾਂ/ਗ੍ਰਹਿਸਥ ਦੇ ਹੀ ਵਿਰੋਧੀ ਨੇ ਮਲੰਗ, ਉਹ ਕੀ ਜਾਣਦੇ ਪਰਵਾਰਾਂ ਤੇ ਉਹਨਾਂ ਦੇ ਮਸਲਿਆਂ ਨੂੰ ? ਆਪਣਾ ਬੱਚਾ ਪਾਲ ਕੇ ਹੀ ਅਹਿਸਾਸ ਹੁੰਦਾ ਕਿ ਬੱਚਾ ਕਿੰਨੀ ਕੀਮਤੀ ਚੀਜ਼। ਬੱਚਿਆਂ ਵਾਲੇ ਲੋਕ ਸੰਵੇਦਨਸ਼ੀਲ ਪੂਰਨ ਇਨਸਾਨ ਹੁੰਦੇ। ਕਹਿੰਦੇ ਜਿਨ੍ਹਾਂ ਨੇ ਧੀਆਂ ਨਹੀਂ ਜਣੀਆਂ, ਉਹ ਜਵਾਈਆਂ ਦੀ ਕਦਰ ਨਹੀਂ ਜਾਣ ਸਕਦੇ। ਅਜਿਹੇ ਲੀਡਰ ਜੇ ਲੋਕਾਂ ਦੇ ਆਦਰਸ਼ ਬਣ ਜਾਣ, ਫਿਰ ਤਾਂ ਇਨਸਾਨੀ ਨਸਲ ਹੀ ਖਤਮ ਹੋਜੂ। ਖੌਰੇ ਤਾਂ ਹੀ ਅਸੀਂ ਵੇਖਿਆ ਕਿ ਉਲੰਪਿਕ ਚੈਂਪੀਅਨ ਭਲਵਾਨ ਕੁੜੀਆਂ ਦਿੱਲੀ ਮਹੀਨਿਆਂਬੱਧੀ ਧਰਨਾ ਮਾਰ ਕੇ ਰੋਂਦੀਆਂ, ਭਾਜਪਾ ਪਾਰਲੀਮੈਂਟ ਮੈਂਬਰ ਵੱਲੋਂ ਕੀਤੀਆਂ ਜਿਨਸੀ ਜ਼ਿਆਦਤੀਆਂ ਵਿਰੁੱਧ ਇਨਸਾਫ ਮੰਗਦੀਆਂ ਰਹੀਆਂ, ਕੋਈ ਸੁਣਵਾਈ ਨਾ ਹੋਈ ਤੇ ਆਖਰ ਪੁਲੀਸ ਵੱਲੋਂ ਸੜਕ ਉੱਤੇ ਘੜੀਸੀਆਂ ਗਈਆਂ। ਮਨੀਪੁਰ ਵਿਚ ਇਕ ਖਾਸ ਫਿਰਕੇ ਦੀਆਂ ਔਰਤਾਂ ਨੂੰ ਅਲਫ ਨੰਗੀਆਂ ਕਰਕੇ, ਜਲੂਸ ਕੱਢ ਕੇ ਸੜਕ ਉੱਤੇ ਹਜ਼ੂਮ ਨੇ ਅਜਿਹੀਆਂ ਹਰਕਤਾਂ ਕੀਤੀਆਂ, ਜੋ ਲਿਖੀਆਂ ਨਹੀਂ ਜਾ ਸਕਦੀਆਂ। ਜਿਹੜੇ ਲੀਡਰ, ਪਾਰਟੀਆਂ ਓਦੋਂ ਵੋਟ ਫਾਇਦਾ ਵੇਖ ਕੇ, ਜਾਣ ਬੁੱਝ ਕੇ ਚੁੱਪ ਰਹੇ, ਉਹਨਾਂ ਮਰੀ ਆਤਮਾ ਵਾਲਿਆਂ ਨੂੰ ਕੋਈ ਹੱਕ ਹੈ ਕਿ ਉਹ ਔਰਤਾਂ ਦੇ ਰਖਵਾਲੇ ਹੋਣ ਦੀਆਂ ਟਾਹਰਾਂ ਮਾਰਨ ?

ਭਾਰਤੀ ਲੋਕਤੰਤਰ ਦਾ ਤਰੱਕੀ ਕਰਦਿਆਂ-ਕਰਦਿਆਂ ਬਣਿਆਂ ਇਕ ਸੀਨ ਹੁਣ ਇਹ ਵੀ ਹੈ ਕਿ ਪਾਰਟੀਆਂ ਸਿਆਣੇ, ਸੁਹਿਰਦ ਵਰਕਰਾਂ ਨੂੰ ਟਿਕਟਾਂ ਦੇਣ ਦੀ ਬਜਾਏ ਪੈਸੇ ਵਾਲੇ ਜਾਂ ਕਿਸੇ ਵੀ ਤਰਾਂ ਮਸ਼ਹੂਰ ਲੋਕਾਂ ਨੂੰ ਟਿਕਟਾਂ ਦੇਂਦੀਆਂ। ਉਹ ਕਾਰੋਬਾਰ ਵਧਾਉਣ ਜਾਂ ਲੀਡਰੀ ਵਾਲਾ ਭੁੱਸ ਪੂਰਾ ਕਰਨ ਆਉਂਦੇ ਤੇ ਸੰਕਟ ਮੌਕੇ ਡਰ, ਭੱਜ ਜਾਂਦੇ, ਹਮੇਸ਼ਾ ਆਪਣਾ ਫਾਇਦਾ ਮੌਜ ਵੇਖਦੇ। ਭੋਲੇ ਮਜਬੂਰ ਪਿਛਲੱਗੂ ਲੋਕ ਫਿਰ ਚਰਚਾ ਕਰਨ ਲੱਗ ਪੈਂਦੇ ਕਿ ਅਗਲਾ ਖੁੰਬ ਲੀਡਰ ਕੌਣ ਹੋਊ ਆਪਣੇ ਹਲਕੇ ਤੋਂ ਉਮੀਦਵਾਰ।

ਮੈਂ ਵੀ ਫਰੀਡਮ ਫਾਈਟਰ ਪਰਵਾਰ ਵਿਚੋਂ ਹੋਣ ਕਰਕੇ ਜਾਣਦਾਂ ਕਿ ਅਜ਼ਾਦੀ ਅੰਦੋਲਨ ਵੇਲੇ ਜਦੋਂ ਰਾਜਨੀਤੀ ਵਿਚ ਆਉਣ ਦਾ ਮਤਲਬ ਹੁੰਦਾ ਸੀ ਜ਼ੁਲਮ ਸਹਿਣੇ, ਘਾਟੇ ਖਾਣੇ, ਕੁਰਕੀਆਂ ਕਰਵਾਉਣੀਆਂ। ਓਦੋਂ ਸ਼ੈਤਾਨ ਕਾਰੋਬਾਰੀ, ਅੰਗਰੇਜ਼ ਸਰਕਾਰ ਨਾਲ ਮਿਲ ਕੇ ਚੁੱਪ-ਚਾਪ ਧਨ ਕਮਾਉਂਦੇ ਰਹੇ, ਪਰ ਹੁਣ ਜਦੋਂ ਰਾਜਨੀਤੀ ਹੀ ਕਾਰੋਬਾਰ ਬਣਗੀ ਤਾਂ ਹੁਣ ਸਭ ਕਾਰੋਬਾਰੀ, ਰਾਜਨੀਤੀ 'ਚ ਆਣ ਵੜੇ। ਦੇਸ਼ 'ਤੇ ਕਾਬਜ ਹੋਗੇ। ਇਹਨਾਂ ਅਫਸਰ, ਬਦਮਾਸ਼ ਵੀ ਨਾਲ ਗੰਢ ਲਏ ਤੇ ਰਲ ਕੇ ਰਾਜਨੀਤੀ ਦੇ ਸਭ ਆਦਰਸ਼ ਮਾਰ ਰਹੇ ਨੇ। ਆਮ ਲੋਕ ਚੇਤੰਨ ਨਹੀਂ, ਇਸ ਲਈ ਵਿਚਾਰੇ ਧਰਮ, ਜਾਤ ਦੇ ਨਾਂਅ 'ਤੇ ਵਰਗਲਾਏ, ਭੜਕਾਏ ਜਾਂਦੇ ਨੇ। ਘਿਰ ਗਿਆ ਭਾਰਤੀ ਲੋਕਤੰਤਰ ਨਿੱਸਲ ਹੋ ਗਿਆ ਇਹਨਾਂ ਸਾਹਮਣੇ। ਲੋਕਾਂ ਨੂੰ ਪਛਾਨਣਾ ਪਊ ਕਿ ਕਿਤੇ ਪਰਚਾਰ ਦੇ ਜ਼ੋਰ ਸਾਨੂੰ ਉੱਲੂ ਤਾਂ ਨਹੀਂ ਬਣਾ ਰਿਹਾ ਕੋਈ। ਫਿਰ ਅਖੀਰੀ ਕੋਈ ਦੇਸ਼ ਭਗਤ ਤੂਫਾਨੀ ਲੋਕ ਉਭਾਰ ਇਸ ਨੂੰ ਬਦਲ ਸੁੱਟੇਗਾ, ਕਿਉਂਕਿ ਸਿਰਫ ਪਰਉਪਕਾਰੀ ਕੁਰਬਾਨੀ ਦੇ ਮਾਦੇ ਵਾਲੇ ਲੀਡਰ ਹੀ ਮੁਲਕ ਨੂੰ ਸਵਾਰ ਤੇ ਬਚਾਅ ਸਕਦੇ, ਕਾਰਪੋਰੇਟਾਂ ਦੇ ਦਲਾਲ ਨਹੀਂ।

ਜਾਂਚ ਏਜੰਸੀਆਂ ਦੀ ਕਾਰਗੁਜ਼ਾਰੀ ਦੇ ਵਰਤਮਾਨ ਘੋਰ ਪੱਖਪਾਤੀ ਹਾਲਾਤ, ਚੁਣੇ ਮੈਂਬਰਾਂ ਦੀ ਖਰੀਦੋ-ਫਰੋਖਤ, ਸ਼ੱਕੀ ਅਦਾਲਤੀ ਇਨਸਾਫ ਦਾ ਚਲਨ, ਬਿਜਲਈ ਪ੍ਰਿੰਟ ਮੀਡੀਆ ਦਾ ਇਕਪਾਸੜ ਰਾਗ ਅਲਾਪ, ਕਾਰਪੋਰੇਟ ਦਾ ਕਰੋੜਾਂ ਦਾ ਲੋਨ ਮਾਫ ਤੰਤਰ ਲਈ ਜਿਹੜੇ ਵੀ ਜ਼ਿੰਮੇਵਾਰ ਹਨ, ਉਹਨਾਂ ਦਾ ਗੁਨਾਹ ਮਾਫੀਯੋਗ ਨਹੀਂ। ਪਛਾਣੋ, ਜੇ ਇਹੀ ਚੱਲਣਾ ਤਾਂ ਲੋਕਤੰਤਰ ਸਮਝੋ ਖਤਮ।

ਫਿਲਹਾਲ ਜਿਹੋ ਜਿਹਾ ਵੀ ਸਾਡਾ ਚੁਣਾਵੀ ਲੋਕਤੰਤਰ ਹੈ, ਇਸ ਦੇ ਬਚੇ ਰਹਿਣ, ਸੁਧਰਨ ਦੀਆਂ ਸੰਭਾਵਨਾਵਾਂ ਦੀ ਆਸ ਰੱਖਣੀ ਬਣਦੀ, ਪਰ ਇਸ ਲਈ ਕੁਝ ਪਹਿਰੇਦਾਰੀ ਤਾਂ ਜਨਤਾ ਨੂੰ ਰੱਖਣੀ ਹੀ ਪਵੇਗੀ। ਆਪਣੇ ਚੰਗੇ ਭਵਿੱਖ ਲਈ ਐਸੀ ਸੋਚ ਬਣਾਉਣੀ ਹੋਵੇਗੀ ਕਿ ਮੁਲਕ ਦੇ ਸਾਰੇ ਕੁਦਰਤੀ ਸਾਧਨ ਖਣਿਜ ਸਭ ਦੇ ਸਾਂਝੇ ਹਨ, ਇਹ ਕਿਸੇ ਅਡਾਨੀ ਦੀ ਨਿੱਜੀ ਮਾਲਕੀ ਨਹੀਂ ਹੋ ਸਕਦੇ। ਸਰਕਾਰ ਦੇਸ਼ ਨੂੰ ਪੰਜ ਸਾਲ ਚਲਾਉਣ ਲਈ ਚੁਣੀ ਜਾਂਦੀ, ਸਰਕਾਰੀ ਅਦਾਰੇ ਯਾਰਾਂ, ਬੇਲੀਆਂ ਨੂੰ ਵੇਚ ਦੇਣ ਲਈ ਨਹੀਂ । ਸਸਤੀ ਵਿਦਿਆ, ਸਿਹਤ, ਮਹਿੰਗਾਈ, ਰੁਜ਼ਗਾਰ, ਸਭ ਲਈ ਜਿਊਣਯੋਗ ਪੈਨਸ਼ਨ, ਗਰੀਬੀ, ਅਨਪੜ੍ਹਤਾ, ਪ੍ਰਦੂਸ਼ਣ, ਕੁਰੱਪਸ਼ਨ ਲੋਕਾਂ ਦੇ ਅਸਲੀ ਮੁੱਦੇ ਹਨ। ਜੰਗੀ ਜਨੂੰਨ ਅਤੇ ਸ਼ੱਕੀ ਹਥਿਆਰ ਖਰੀਦ ਸੌਦਿਆਂ 'ਚ ਲੁੱਟੇ ਜਾਣ ਦੀ ਬਜਾਏ ਵਿਸ਼ਵ ਅਮਨ ਲਈ ਭਾਰਤ ਅਗਵਾਈ ਕਰੇ, ਇਸ ਵੇਲੇ ਗੁੱਟ ਨਿਰਲੇਪ ਇਤਿਹਾਸ ਕਾਰਨ ਸਿਰਫ ਭਾਰਤ ਹੀ ਇਸ ਦੇ ਕਾਬਲ, ਚੀਨ ਨਾਲ ਸਾਡੇ ਸਿੰਗ ਫਸਾਉਣ ਦੇ ਮਕਸਦ ਵਾਲੀ ਅਮਰੀਕਾ ਦੀ 'ਕੁਆਡ' (ਭਾਰਤ, ਜਪਾਨ ਆਸਟਰੇਲੀਆ, ਅਮਰੀਕਾ ਢਾਣੀ) ਕੁਟਲਨੀਤੀ ਤੋਂ ਬਚੇ ਮੋਦੀ ਸਰਕਾਰ । ਨੌਜਵਾਨਾਂ ਲਈ ਆਸ ਵਰਗਾ ਦੇਸ਼ ਬਣਾਉਣ ਲਈ ਸਭ ਕੁਝ ਕੀਤਾ ਜਾਵੇ।

ਅੰਤਰ-ਰਾਸ਼ਟਰੀ ਮੁੱਦਿਆਂ ਉੱਤੇ ਸਰਕਾਰੀ ਬਿਆਨ ਤੋਂ ਸਿਵਾ ਕੋਈ ਵੀ ਲੀਡਰ, ਪਾਰਟੀ ਬੋਲਦੀ ਨਹੀਂ। 1948 ਤੋਂ ਲਿਤਾੜੇ, ਉਜਾੜੇ ਫਲਸਤੀਨੀਆਂ ਲਈ ਖਲੋਂਦੀ ਰਹੀ ਭਾਰਤ ਸਰਕਾਰ ਹੁਣ ਉਹਨਾਂ ਦੀ ਬਾਂਹ ਕਿਉਂ ਛੱਡਗੀ ? ਸਾਡੇ ਗਵਾਂਢੀ ਮੁਲਕਾਂ ਸ੍ਰੀਲੰਕਾ, ਨੇਪਾਲ, ਬੰਗਲਾਦੇਸ਼, ਪਾਕਿਸਤਾਨ, ਮਾਲਦੀਵ, ਚੀਨ ਨਾਲ ਰਿਸ਼ਤੇ ਪਹਿਲਾਂ ਨਾਲੋਂ ਵਿਗੜੇ ਹਨ, ਕਿਉਂ ? ਮਾਲਦੀਵ ਸਾਡਾ ਮਿੱਤਰ ਗਵਾਂਢੀ ਮੁਸਲਿਮ ਦੇਸ਼ ਸੀ, ਜੋ ਚੀਨ

30-MAR-PAGE-5.qxd 3/29/2024 9:32 PM Page 1

ਨਰੇਗਾ ਕਾਮਿਆਂ ਵੱਲੋਂ 19 ਰੁਪਏ ਦਿਹਾੜੀ ਵਾਧਾ ਰੱਦ, ਕੇਂਦਰ ਤੇ ਸੂਬਾ ਸਰਕਾਰ ਵਿਰੁੱਧ ਨਾਅਰੇਬਾਜ਼ੀ

ਨਰੇਗਾ ਕਾਮਿਆਂ ਨੂੰ 431 ਰੁਪਏ ਦਿਹਾੜੀ ਦਿੱਤੀ ਜਾਵੇ : ਕਸ਼ਮੀਰ ਗਦਾਈਆ

ਨਾਭਾ (ਵਰਿੰਦਰ ਵਰਮਾ)

ਸਰਕਾਰ ਵੱਲੋਂ ਨਰੇਗਾ ਕਾਮਿਆਂ ਦੀ ਦਿਹਾੜੀ 303 ਰੁਪਏ ਤੋਂ ਵਧਾਕੇ 322 ਕੀਤੀ ਗਈ ਹੈ, ਜੋ ਨਰੇਗਾ ਕਾਮਿਆਂ ਨੇ ਇਸ ਨੂੰ ਰੱਦ ਕਰਦਿਆਂ 431 ਰੁਪਏ ਦਿਹਾੜੀ ਕਰਨ ਦੀ ਸਰਕਾਰ ਅੱਗੇ ਮੰਗ ਦੁਹਰਾਈ ਹੈ। ਸ਼ੁੱਕਰਵਾਰ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਰਜਿ.) ਏਟਕ ਦੀ ਅਗਵਾਈ 'ਚ ਸੈਂਕੜੇ ਨਰੇਗਾ ਕਾਮਿਆਂ ਨੇ ਸ਼ਾਹੀ ਸਮਾਧਾਂ ਮੈਹਸ ਗੇਟ ਨਾਭਾ ਵਿਖੇ ਇੱਕਠੇ ਹੋ ਕੇ ਕੇਂਦਰ ਤੇ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਗੁਸਾਏ ਨਰੇਗਾ ਕਾਮਿਆਂ ਦੇ ਵਿਸ਼ਾਲ ਇਕੱਠ ਨੂੰ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਖੁਸ਼ੀਆ ਸਿੰਘ, ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਜੁਗਰਾਜ ਸਿੰਘ ਰਾਮਾ ਬਰਨਾਲਾ, ਪੰਜਾਬ ਏਟਕ ਦੇ ਸੂਬਾ ਆਗੂ ਭਰਪੂਰ ਸਿੰਘ ਬੁੱਲਾਪੁਰ, ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਆਗੂ ਬਲਜੀਤ ਕੌਰ ਗਦਾਈਆ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਨੇ ਪੇਂਡੂ ਮਜ਼ਦੂਰਾਂ ਲਈ ਕੋਈ ਐਸੀ ਸਹੂਲਤ ਦਾ ਐਲਾਨ ਨਹੀਂ ਕੀਤਾ, ਜਿਸ ਨਾਲ਼ ਪੇਂਡੂ ਮਜ਼ਦੂਰਾਂ ਦੀ ਜ਼ਿੰਦਗੀ ਸੌਖੀ ਹੋ ਸਕੇ। ਸਰਕਾਰ ਨੇ ਨਰੇਗਾ ਕਾਮਿਆਂ ਲਈ ਰੋਜ਼ਾਨਾ ਦਿਹਾੜੀ 'ਚ 19 ਰੁਪਏ ਵਾਧਾ ਕਰਕੇ 'ਊਠ ਦੇ ਮੂੰਹ ਜ਼ੀਰਾ ਦੇਣ' ਵਾਲ਼ੀ ਗੱਲ ਕੀਤੀ ਹੈ, ਜਦੋਂ ਮਹਿੰਗਾਈ ਸਿਖਰਾਂ ਛੋਹ ਗਈ ਹੈ। ਪੰਜਾਬ ਸਰਕਾਰ ਨੂੰ ਜ਼ਿਲ੍ਹਿਆਂ ਦੇ ਡੀ ਸੀਜ਼ ਰਾਹੀਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਨੇ 431 ਰੁਪਏ ਦਿਹਾੜੀ ਕਰਨ ਦੀ ਸਿਫਾਰਸ਼ ਕੀਤੀ, ਪਰ ਪੰਜਾਬ ਸਰਕਾਰ ਨੇ ਇਸ ਮੰਗ ਨੂੰ ਅਣਗੌਲਿਆ ਕੀਤਾ। ਕੇਂਦਰ ਸਰਕਾਰ ਨੇ ਦਿਹਾੜੀ ਵਿੱਚ 19 ਰੁਪਏ ਵਾਧਾ ਕਰਦਿਆਂ 303 ਤੋਂ 322 ਰੁਪਏ ਦਿਹਾੜੀ ਕਰਨ ਨੂੰ ਉਨ੍ਹਾਂ ਰੱਦ ਕੀਤਾ ਹੈ।ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਨੇ ਐਲਾਨ ਕੀਤਾ ਹੈ ਕਿ ਪਾਰਲੀਮਾਨੀ ਚੋਣਾਂ ਦੌਰਾਨ ਜਿਹੜੇ ਪਾਰਲੀਮੈਂਟ ਮੈਂਬਰਾਂ ਨੇ ਸੰਸਦ ਅੰਦਰ ਨਰੇਗਾ ਕਾਮਿਆਂ ਦੀਆਂ ਮੰਗਾਂ ਵੱਲ ਗੌਰ ਨਹੀਂ ਕੀਤੀ, ਉਨ੍ਹਾਂ ਪਾਰਲੀਮੈਂਟ ਮੈਂਬਰਾਂ ਦਾ ਜੇਕਰ ਉਹ ਚੋਣ ਲੜਦੇ ਹਨ, ਨਰੇਗਾ ਕਾਮਿਆਂ ਵੱਲੋਂ ਇਸ ਦਾ ਵਿਰੋਧੀ ਕਰਦਿਆਂ ਉਨ੍ਹਾਂ ਨੂੰ ਹਰਾਉਣ ਲਈ ਜ਼ੋਰ ਲਾਇਆ ਜਾਵੇਗਾ। ਇਸ ਸਮੇਂ ਨਰੇਗਾ ਆਗੂਆਂ ਨੇ ਤਿੰਨ ਮਹੀਨੇ ਤੋਂ ਰੁਕੀਆਂ ਉਜ਼ਰਤਾਂ ਵਿਆਜ ਸਮੇਤ ਜਲਦੀ ਜਾਰੀ ਕਰਨ ਦੀ ਮੰਗ ਕੀਤੀ ਹੈ ਤਾਂ ਕਿ ਨਰੇਗਾ ਕਾਮੇ ਭੁੱਖਮਰੀ ਤੋਂ ਬਚ ਸਕਣ। ਇਸ ਸਮੇਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਆਗੂ ਬੱਗਾ ਸਿੰਘ ਗੱਲਵਟੀ, ਬਲਰਾਜ ਬਿੱਟੂ, ਗੋਰਾ ਸਿੰਘ ਕਕਰਾਲਾ, ਜਿਊਣ ਸਿੰਘ ਲੱਧਾ ਹੇੜੀ, ਰੋਸ਼ਨ ਸਿੰਘ ਬਿਸ਼ਨਗੜ੍ਹ, ਕਾਮਰੇਡ ਸੀਤਾ ਸਿੰਘ ਕਕਰਾਲਾ, ਕੁਲਵੰਤ ਕੌਰ ਨਰਮਾਣਾ, ਹਰਜੀਤ ਕੌਰ ਗਲੱਵਟੀ, ਮਨਜੀਤ ਕੌਰ ਲੱਧਾ ਹੇੜੀ, ਸਵਰਨਜੀਤ ਕੌਰ ਲੱਧਾ ਹੇੜੀ, ਚਰਨਜੀਤ ਕੌਰ ਕਕਰਾਲਾ, ਦਰਸ਼ਨ ਕੌਰ ਬਨੇਰਾ ਖੁਰਦ, ਰਣਵੀਰ ਕੌਰ ਬਨੇਰਾ ਕਲਾਂ ਨੇ ਵੀ ਸੰਬੋਧਨ ਕੀਤਾ।

ਕਿਸਾਨਾਂ ਵੱਲੋਂ ਦੇਸ਼ ਭਰ 'ਚ ਭਾਜਪਾ ਉਮੀਦਵਾਰਾਂ ਦਾ ਕੀਤਾ ਜਾਵੇਗਾ ਵਿਰੋਧ : ਬਹਿਰੂ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਕਿਰਸਾਨੀ ਨੂੰ ਬਚਾਉਣ ਲਈ ਕਿਸਾਨ ਅੰਦੋਲਨ 2 ਤਹਿਤ ਪੰਜਾਬ ਹਰਿਆਣਾ ਦੇ ਬਾਰਡਰਾਂ ਉੱਤੇ ਡੇਢ ਮਹੀਨੇ ਤੋਂ ਸੰਘਰਸ਼ ਕਰ ਰਹੀਆਂ ਹਨ। ਇਹ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਕਿਸਾਨਾਂ ਦੀਆਂ ਮੰਨੀਆਂ ਮੰਗਾਂ ਤੇ ਸਵਾਮੀਨਾਥਨ ਦੀ ਰਿਪੋਰਟ ਨੂੰ ਲਾਗੂ ਨਹੀਂ ਕੀਤਾ ਜਾਂਦਾ।ਭਾਜਪਾ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਮੁਤਾਬਕ ਸਵਾਮੀਨਾਥਨ ਦੀ ਰਿਪੋਰਟ ਲਾਗੂ ਨਾ ਕਰਕੇ ਦੇਸ਼ ਦੇ 140 ਕਰੋੜ ਕਿਸਾਨਾਂ ਨਾਲ ਵਾਅਦਾਖਿਲਾਫ਼ੀ ਕੀਤੀ ਹੈ।

ਕਿਸਾਨ ਜਥੇਬੰਦੀਆਂ ਭਾਜਪਾ ਨੂੰ ਸਬਕ ਸਿਖਾਉਣ ਲਈ ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਦਾ ਵਿਰੋਧ ਕਰਨਗੀਆਂ।ਇਹ ਪ੍ਰਗਟਾਵਾ ਇੰਡੀਆ ਫਾਰਮਜ਼ ਐਸੋਸੀਏਸ਼ਨ ਦੇ ਮੁਖੀ ਸਤਨਾਮ ਸਿੰਘ ਬਹਿਰੂ ਨੇ ਭਾਬੀ ਗੁਜਰਾਂ, ਪੰਜਾਬ ਹਰਿਆਣਾ ਬਾਰਡਰ ਤੇ ਕਿਸਾਨਾਂ ਦੇ ਇਕੱਠ ਨੇ ਸੰਬੋਧਨ ਕਰਨ ਉਪਰੰਤ ਕੀਤਾ। ਐਸੋਸੀਏਸ਼ਨ ਦੇ ਮੁਖੀ ਸਤਨਾਮ ਸਿੰਘ ਬਹਿਰੂ ਨੇ ਕਿਹਾ ਹੈ ਕਿ ਖੇਤੀ ਨੀਤੀ ਵਿਗਿਆਨਕ ਤੇ ਆਰਥਿਕ ਪੱਖੋਂ ਸੱਖਣੀ ਹੋਣ ਕਰਕੇ ਦੇਸ਼ ਭਰ ਦੀ ਕਿਰਸਾਨੀ ਘਾਟੇਵੰਦੀ ਹੋ ਚੁੱਕੀ ਹੈ।ਕਰਜ਼ੇ ਦੀ ਮਾਰ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ।ਦੇਸ਼ ਦੀ ਪਾਰਲੀਮੈਂਟ ਦਾ ਰਿਕਾਰਡ ਹੈ ਕਿ 10 ਲੱਖ ਤੋਂ ਵੱਧ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ।ਉਨ੍ਹਾਂ ਕਿਹਾ ਹੈ ਕਿ ਕਿਰਸਾਨੀ ਨੂੰ ਬਚਾਉਣ ਲਈ ਦੇਸ਼ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਖੇਤੀ ਵਿਗਿਆਨੀ ਐਮ ਐਸ ਸਵਾਮੀਨਾਥਨ ਕਮਿਸ਼ਨ ਬਣਾਇਆ ਸੀ, ਜਿਸ ਨੇ ਦੋ ਸਾਲ ਦੀ ਮਿਹਨਤ ਮਗਰੋਂ ਆਰਥਿਕ ਵਿਗਿਆਨੀਆਂ, ਖੇਤੀ ਮਾਹਰਾਂ ਤੇ ਕਿਸਾਨਾਂ ਨਾਲ ਤਾਲਮੇਲ ਕਰਕੇ ਪੰਜ ਜਿਲਦਾਂ ਵਿੱਚ ਰਿਪੋਰਟ ਤਿਆਰ ਕਰਕੇ ਤੁਰੰਤ ਲਾਗੂ ਕਰਨ ਦੀ ਸਿਫ਼ਾਰਿਸ਼ ਕੀਤੀ ਸੀ।ਕਿਸਾਨ ਪੱਖੀ ਰਿਪੋਰਟ ਨੂੰ ਸੋਨੀਆ ਗਾਂਧੀ ਅਤੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਦੁੱਬਈ ਰੱਖਿਆ।

ਇੰਡੀਅਨ ਫਾਰਮਜ਼ ਆਗੂ ਭਾਜਪਾ ਵੱਲੋਂ ਕਿਸਾਨਾਂ ਨਾਲ ਕੀਤੀ ਵਾਅਦਾ-ਖਿਲਾਫ਼ੀ ਨੂੰ ਜ਼ਾਹਰ ਕਰਦੇ ਹੋਏ।

ਉਨ੍ਹਾਂ ਕਿਹਾ ਕਿ ਇੰਡੀਅਨ ਫਾਰਮਜ਼ ਐਸੋਸੀਏਸ਼ਨ ਦੀ ਰਿੱਟ ਤੇ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦੇ ਬੈਂਚ ਨੇ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਤੋਂ ਜਵਾਬ ਮੰਗਿਆ ਸੀ।2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਨੇ ਰਾਜਨੀਤਿਕ ਪੱਤਾ ਖੇਡਦਿਆਂ ਚੋਣ ਮੈਨੀਫੈਸਟੋ ਵਿੱਚ ਸਵਾਮੀਨਾਥਨ ਦੀ ਰਿਪੋਰਟ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਸੀ।ਉਨ੍ਹਾਂ ਦੀ ਜਥੇਬੰਦੀ ਨੇ ਚੋਣ ਮੈਨੀਫੈਸਟੋ ਵਿੱਚ ਭਾਜਪਾ ਵੱਲੋਂ ਕੀਤੇ ਵਾਅਦੇ ਨੂੰ ਰਿਟ ਪਟੀਸ਼ਨ ਵਿੱਚ ਸ਼ਾਮਲ ਕਰਾਉਣ 'ਤੇ ਸੁਪਰੀਮ ਕੋਰਟ ਨੇ ਮੋਦੀ ਸਰਕਾਰ ਨੂੰ ਹਲਫਨਾਮਾ ਦੇਣ ਦੀ ਹਦਾਇਤ ਕੀਤੀ ਸੀ।

ਰਮਜਾਨ ਮੁਹੱਬਤ ਦਾ ਪੈਗਾਮ ਦਿੰਦਾ ਹੈ : ਉਸਮਾਨ ਰਹਿਮਾਨੀ

ਲੁਧਿਆਣਾ (ਰਾਜ ਸਿੰਗਲਾ)-ਪਵਿੱਤਰ ਰਮਜਾਨ ਸ਼ਰੀਫ ਦੇ ਤੀਸਰੇ ਜੁੰਮੇ ਦੀ ਨਮਾਜ ਅਦਾ ਕਰਨ ਤੋਂ ਪਹਿਲਾਂ ਮੁਸਲਮਾਨਾਂ ਨੂੰ ਸੰਬੋਧਤ ਕਰਦੇ ਹੋਏ ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਕਿਹਾ ਕਿ ਰਮਜਾਨ ਸ਼ਰੀਫ ਬੰਦੇ ਦਾ ਆਪਣੇ ਰੱਬ ਨਾਲ ਇਜ਼ਹਾਰ-ਏ-ਇਸ਼ਕ ਦਾ ਮਹੀਨਾ ਹੈ।ਬੰਦਾ ਆਪਣੇ ਰੱਬ ਨੂੰ ਰਾਜ਼ੀ ਕਰਨ ਲਈ ਉਸ ਦੇ ਹੁਕਮ ਦੇ ਮੁਤਾਬਕ ਆਪਣਾ ਵਕਤ ਗੁਜ਼ਾਰਦਾ ਹੈ।ਸ਼ਾਹੀ ਇਮਾਮ ਨੇ ਕਿਹਾ ਕਿ ਅੱਲ੍ਹਾ ਤਾਆਲਾ ਸਾਡੀ ਨੀਅਤ ਨੂੰ ਜਾਣਦਾ ਹੈ।ਉਸ ਨੂੰ ਪਤਾ ਹੈ ਕਿ ਕੌਣ ਦਿਖਾਵੇ ਦਾ ਭੁੱਖਾ ਪਿਆਸਾ ਹੈ ਤੇ ਕੌਣ ਸੱਚਾ ਰੋਜ਼ੇਦਾਰ ਹੈ।ਮੌਲਾਨਾ ਨੇ ਕਿਹਾ ਕਿ ਅੱਲ੍ਹਾ ਦੇ ਪਿਆਰੇ ਨਬੀ ਹਜ਼ਰਤ ਮੁਹੰਮਦ ਸਲੱਲਲਾਹੂ ਅਲੈਹੀਵਸੱਲਮ ਰਮਜਾਨ ਸ਼ਰੀਫ ਦੇ ਪਵਿੱਤਰ ਮਹੀਨੇ ਵਿੱਚ ਤੇਜ਼ ਚੱਲਣ ਵਾਲੀ ਹਵਾ ਨਾਲੋਂ ਵੀ ਜ਼ਿਆਦਾ ਦਾਨੀ ਸਨ।ਸ਼ਾਹੀ ਇਮਾਮ ਨੇ ਕਿਹਾ ਕਿ ਰਮਜਾਨ ਸ਼ਰੀਫ ਵਿੱਚ ਸਾਨੂੰ ਚਾਹੀਦਾ ਹੈ ਕਿ ਧਾਰਮਿਕ ਕੰਮਾਂ ਤੋਂ ਵੀ ਪਹਿਲਾਂ ਮਾਲੀ ਰੂਪ ਵਿੱਚ ਕਮਜ਼ੋਰ ਆਪਣੇ ਗੁਆਢੀਆਂ ਤੇ ਰਿਸ਼ਤੇਦਾਰਾਂ ਦੀ ਮਦਦ ਕਰੀਏ।ਉਨ੍ਹਾ ਕਿਹਾ ਕਿ ਗੁਆਂਢੀ ਚਾਹੇ ਕਿਸੇ ਵੀ ਧਰਮ ਨਾਲ ਸਬੰਧ ਰੱਖਦਾ ਹੋਵੇ, ਜੇਕਰ ਉਹ ਭੁੱਖਾ ਹੈ ਤਾਂ ਮੁਸਲਮਾਨ ਦਾ ਉਸ ਦੀ ਮਦਦ ਕਰਨਾ ਫਰਜ਼ ਹੈ।ਉਨ੍ਹਾ ਕਿਹਾ ਕਿ ਅੱਲ੍ਹਾ ਤਾਆਲਾ ਆਪਣੇ ਉਨ੍ਹਾਂ ਬੰਦਿਆਂ ਨਾਲ ਬਹੁਤ ਪਿਆਰ ਕਰਦਾ ਹੈ, ਜੋ ਉਸ ਦੇ ਬੰਦਿਆਂ ਦੀ ਮਦਦ ਕਰਦਾ ਹੈ।ਸ਼ਾਹੀ ਇਮਾਮ ਨੇ ਕਿਹਾ ਕਿ ਇਬਾਦਤ ਨਾਲ ਜੰਨਤ ਮਿਲਦੀ ਹੈ, ਪਰ ਖਿਦਮਤ ਨਾਲ ਖੁਦਾ ਮਿਲਦਾ ਹੈ।ਇਸ ਲਈ ਜੇਕਰ ਅਸੀਂ ਚਾਹੁੰਦੇ ਹਾਂ ਕਿ ਖੁਦਾ ਸਾਡਾ ਦੋਸਤ ਬਣ ਜਾਵੇ ਤਾਂ ਬਿਨਾਂ ਭੇਦ-ਭਾਵ ਦੇ ਕਮਜ਼ੋਰ ਇਨਸਾਨਾਂ ਦੀ ਮਦਦ ਕਰੋ।ਸ਼ਾਹੀ ਇਮਾਮ ਮੌਲਾਨਾ ਹਬੀਬ ਉਰ ਰਹਿਮਾਨ ਨੇ ਕਿਹਾ ਕਿ ਰਮਜਾਨ ਦਾ ਇਹ ਪਵਿੱਤਰ ਮਹੀਨਾ ਸਾਨੂੰ ਇਸੇ ਤਰ੍ਹਾਂ ਪਿਆਰ-ਮੁਹਬੱਤ ਤੇ ਆਪਸੀ ਭਾਈਚਾਰੇ ਨੂੰ ਵਧਾਉਣ ਦੀ ਪ੍ਰੇਰਣਾ ਦਿੰਦਾ ਹੈ।

ਕਾਤਰਾਂ

ਬੈਟਰ ਸਕਿੱਲ ਇਮੀਗ੍ਰੇਸ਼ਨ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਇਲਾਕੇ ਦੀ ਨਾਮਵਰ ਸੰਸਥਾ ਬੈਟਰ ਸਕਿੱਲ ਇਮੀਗ੍ਰੇਸ਼ਨ ਧਰਮਕੋਟ ਜੋ ਕਿ ਵਿਦੇਸ਼ ਜਾਣ ਦੇ ਚਾਹਵਾਨਾਂ ਦੇ ਸੁਪਨੇ ਸਕਾਰ ਕਰਦੀ ਆ ਰਹੀ ਹੈ ਤੇ ਇਸ ਸੰਸਥਾ ਨੇ ਵੱਖ-ਵੱਖ ਪ੍ਰਕਾਰ ਦੇ ਕੈਨੱਡਾ ਵੀਜ਼ੇ ਲਗਵਾ ਕੇ ਆਪਣੀ ਵੱਖਰੀ ਪਹਿਚਾਣ ਬਣਾ ਲਈ ਹੈ।ਇਸ ਸਬੰਧੀ ਬੈਟਰ ਸਕਿੱਲ ਇਮੀਗ੍ਰੇਸ਼ਨ ਦੇ ਡਾਇਰੈਕਟਰ ਸਿਮਰਨਜੀਤ ਸਿੰਘ ਗਿੱਲ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਮਨਪ੍ਰੀਤ ਨੇ 2021 ਵਿੱਚ ਆਪਣੀ +2 ਪੂਰੀ ਕੀਤੀ ਸੀ, ਜਿਸ ਤੋਂ ਬਾਅਦ ਮਨਪ੍ਰੀਤ ਦਾ 3 ਸਾਲਾਂ ਦਾ ਗੈਪ ਸੀ।ਮਨਪ੍ਰੀਤ ਗੈਪ ਕਾਰਨ ਬਹੁਤ ਚਿੰਤਤ ਸਨ।ਮਨਪ੍ਰੀਤ ਨੇ ਦੱਸਿਆ ਕਿ ਉਨ੍ਹਾ ਨੇ ਬਹੁਤ ਸਾਰੇ ਏਜੰਟਾਂ ਨਾਲ ਗੱਲਬਾਤ ਕੀਤੀ, ਪਰ ਕੋਈ ਵੀਜ਼ਾ ਲੈ ਕੇ ਦੇਣ ਦੀ ਗਰਾਂਟੀ ਨਹੀਂ ਦੇ ਰਿਹਾ ਸੀ।ਫਿਰ ਬੈਟਰ ਸਕਿੱਲ ਇਮੀਗ੍ਰੇਸ਼ਨ ਦੇ ਡਾਇਰੈਕਟਰ ਸਿਮਰਨਜੀਤ ਸਿੰਘ ਗਿੱਲ ਨਾਲ ਗੱਲਬਾਤ ਕਰਦੇ ਹੋਏ ਚੰਗੀ ਸਲਾਹ ਲਈ ਤੇ 8 ਦਿਨਾਂ ਵਿੱਚ ਆਪਣਾ ਸਟੱਡੀ ਵੀਜ਼ਾ ਹਾਸਲ ਕੀਤਾ।

ਨਾਕਾਬੰਦੀ ਦੌਰਾਨ ਕਾਰ ਸਵਾਰ ਤੋਂ 2.29 ਲੱਖ ਰੁਪਏ ਬਰਾਮਦ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਚੱਲ ਰਹੀ ਵਿਸ਼ੇਸ਼ ਚੈਕਿੰਗ ਦੌਰਾਨ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਇੱਕ ਕਾਰ ਸਵਾਰ ਵਿਅਕਤੀ ਤੋਂ 2 ਲੱਖ 89 ਹਜ਼ਾਰ ਰੁਪਏ ਦੀ ਨਕਦੀ ਬਰਾਮਦ ਕੀਤੇ ਜਾਣ ਦਾ ਸਮਾਚਾਰ ਹੈ। ਐੱਸ.ਐੱਚ.ਓ. ਥਾਣਾ ਸਰਹਿੰਦ ਥਾਣੇਦਾਰ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਆਈ.ਟੀ.ਬੀ.ਪੀ. ਜਵਾਨਾਂ ਦੇ ਨਾਲ ਸਰਹਿੰਦ ਜੀ.ਟੀ. ਰੋਡ 'ਤੇ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾ ਰਹੀ ਸੀ, ਜਿਸ ਦੌਰਾਨ ਚੈਕਿੰਗ ਲਈ ਰੋਕੀ ਗਈ ਇੱਕ ਕਾਰ 'ਚੋਂ 2 ਲੱਖ 89 ਹਜ਼ਾਰ ਰੁਪਏ ਬਰਾਮਦ ਹੋਏ, ਜਿਸ ਸਬੰਧੀ ਪੁੱਛੇ ਜਾਣ 'ਤੇ ਜਦੋਂ ਕਾਰ ਸਵਾਰ ਹਰਮਨਪ੍ਰੀਤ ਸਿੰਘ ਕੋਈ ਸੰਤੁਸ਼ਟੀ ਜਨਕ ਜਵਾਬ ਨਹੀਂ ਦੇ ਸਕਿਆ ਤਾਂ ਪੁਲਸ ਵੱਲੋਂ ਨਕਦੀ ਨੂੰ ਜ਼ਬਤ ਕਰਕੇ ਐਫ.ਐਸ.ਟੀ. ਟੀਮ ਨੂੰ ਸੂਚਿਤ ਕਰ ਦਿੱਤਾ ਗਿਆ ਤੇ ਮਾਮਲੇ ਦੀ ਜਾਂਚ ਜਾਰੀ ਹੈ।

ਧੋਖਾਧੜੀ ਦੇ ਦੋਸ਼ 'ਚ ਵਕੀਲ ਵਿਰੁੱਧ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬਸੀ ਪਠਾਣਾਂ ਤਹਿਸੀਲ ਕੰਪਲੈਕਸ 'ਚ ਇੱਕ ਵਕੀਲ 'ਤੇ ਵਸੀਕਾ ਰਜਿਸਟਰ ਕਰਵਾਉਣ ਬਦਲੇ ਵੱਧ ਪੈਸੇ ਵਸੂਲਣ ਦੇ ਦੋਸ਼ ਲੱਗਣ 'ਤੇ ਪੁਲਸ ਵੱਲੋਂ ਉਸ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਏ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਬੀਤੇ ਕੱਲ੍ਹ ਗੁਰਪ੍ਰੀਤ ਕੌਰ ਵਾਸੀ ਪਿੰਡ ਪਮੌਰ ਨੇ ਐਮ.ਐਲ.ਏ. ਹਲਕਾ ਬਸੀ ਪਠਾਣਾਂ ਰੁਪਿੰਦਰ ਸਿੰਘ ਹੈਪੀ ਨੂੰ ਇੱਕ ਲਿਖਤੀ ਦਿੰਦਿਆਂ ਦੋਸ਼ ਲਗਾਏ ਸਨ ਕਿ ਉਹ ਆਪਣੀ ਇੱਕ ਰਜਿਸਟ੍ਰਰੀ ਕਰਵਾਉਣ ਲਈ ਬਸੀ ਪਠਾਣਾਂ ਤਹਿਸੀਲ ਕੰਪਲੈਕਸ 'ਚ ਗਈ ਸੀ ਜਿੱਥੇ ਡੀਡ ਰਾਈਟਰ ਐਡਵੋਕੇਟ ਦੀਪਕ ਕੁਮਾਰ ਨੇ ਉਸ ਤੋਂ 48,000/- ਰੁਪਏ ਵਸੂਲ ਲਏ ਤੇ ਜਦੋਂ ਉਸ ਨੇ ਦੀਪਕ ਕੁਮਾਰ ਤੋਂ ਦਿੱਤੇ ਪੈਸਿਆਂ ਦੀ ਰਸੀਦ ਮੰਗੀ ਤਾਂ ਉਸ ਨੂੰ 22,000/- ਰੁਪਏ ਦੀ ਰਸੀਦ ਦਿੱਤੀ ਗਈ। ਸ਼ਿਕਾਇਤਕਰਤਾ ਨੇ ਦੋਸ਼ ਲਗਾਏ ਕਿ ਐਡਵੋਕੇਟ ਦੀਪਕ ਕੁਮਾਰ ਵੱਲੋਂ ਅਜਿਹਾ ਕਰਕੇ ਉਸ ਨਾਲ ਧੋਖਾਧੜੀ ਕੀਤੀ ਗਈ ਹੈ ਜਿਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਸ਼ਿਕਾਇਤ ਮਿਲਣ 'ਤੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਮਾਮਲੇ 'ਚ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ।

6 ਦੀ ਯਾਤਰਾ ਨੂੰ ਸਫ਼ਲ ਬਣਾਉਣ ਲਈ ਵਰਕਰ ਪੱਬਾਂ ਭਾਰ : ਕਲੇਰ, ਗਰੇਵਾਲ

ਜਗਰਾਉਂ (ਅਮਿਤ ਖੰਨਾ)-ਐੱਸ ਆਰ ਕਲੇਰ ਸਾਬਕਾ ਵਿਧਾਇਕ ਜਗਰਾਉਂ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ

page-6-30-March.-2024.qxd 3/29/2024 9:35 PM Page 1

ਕਿਸਾਨਾਂ ਵੱਲੋਂ ਥਾਣਾ ਡੇਰਾ ਬਾਬਾ ਨਾਨਕ ਅੱਗੇ ਰੋਸ ਧਰਨਾ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਭਾਰਤੀ ਕਿਸਾਨ ਯੂਨੀਅਨ ਨੇ ਏਕਤਾ ਉਗਰਾਹਾਂ ਬਲਾਕ ਡੇਰਾ ਬਾਬਾ ਨਾਨਕ ਦੇ ਬਲਾਕ ਪ੍ਰਧਾਨ ਗੁਰਭਜਨ ਸਿੰਘ ਖੋਦੇ ਬੇਟ ਦੀ ਅਗਵਾਈ ਹੇਠ ਥਾਣਾ ਡੇਰਾ ਬਾਬਾ ਨਾਨਕ ਅੱਗੇ ਰੋਸ ਧਰਨਾ ਦਿੱਤਾ ਗਿਆ। ਕਿਸਾਨਾਂ ਨੇ ਮੰਗ ਕੀਤੀ ਕਿ ਪਿਛਲੇ ਸਮੇਂ ਦੌਰਾਨ ਕਿਸਾਨਾਂ ਦੀਆਂ ਚੋਰੀ ਹੋਈਆਂ ਖੇਤੀ ਮੋਟਰਾਂ ਵਿਰੁੱਧ ਅਤੇ ਚੋਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਚੱਲ ਰਹੇ ਧਰਨੇ ਦੌਰਾਨ ਐੱਸਐੱਚਓ ਡੇਰਾ ਬਾਬਾ ਨਾਨਕ ਨੇ ਵਿਸ਼ਵਾਸ ਦਿਵਾਇਆ ਕਿ ਜਲਦੀ ਹੀ ਚੋਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਤੋਂ ਮੋਟਰਾਂ ਬਰਾਮਦ ਕਰਕੇ ਜਲਦੀ ਕਿਸਾਨਾਂ ਨੂੰ ਵਾਪਸ ਕਰਵਾਈਆਂ ਜਾਣਗੀਆਂ ਅੰਤ ਵਿੱਚ ਬੁਲਾਰਿਆਂ ਨੇ ਕਿਹਾ ਜੇਕਰ ਕਿਸਾਨਾਂ ਦੀਆਂ ਝੋਰੀ ਹੋਈਆਂ ਮੋਟਰਾਂ ਜਲਦੀ ਵਾਪਸ ਨਾ ਕਰਵਾਈਆਂ ਤਾਂ ਜਥੇਬੰਦੀ ਤੇਜ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ। ਅੱਜ ਦੇ ਧਰਨੇ ਨੂੰ ਜ਼ਿਲਾ ਪ੍ਰਧਾਨ ਲਖਵਿੰਦਰ ਸਿੰਘ ਮੰਜਿਆਂਵਾਲੀ, ਗੁਰਬਚਨ ਸਿੰਘ ਅੰਮ੍ਰਿਤਸਰ, ਜ਼ਿਲਾ ਜਨਰਲ ਸਕੱਤਰ ਦਲਜੀਤ ਸਿੰਘ ਚਤੌੜਗੜ੍ਹ, ਸਿਮਰਨ ਜੋਤ ਸਿੰਘ ਮੂਲੋਵਾਲੀ, ਜਗਮੀਤ ਸਿੰਘ ਕਠਿਆਲਾ, ਰੁਪਿੰਦਰਜੀਤ ਸਿੰਘ ਮਾਲੇਵਾਲ, ਗੁਰਪ੍ਰੀਤ ਸਿੰਘ ਮਾਲੇਵਾਲ, ਗੁਰਮੁਖ ਸਿੰਘ ਖਹਿਰਾ ਕੋਟਲੀ, ਨਿਰਮਲ ਸਿੰਘ ਬੱਜੂਮਾਨ, ਉੱਤਮ ਸਿੰਘ ਕਠਿਆਲਾ, ਰਾਣਾ ਖੋਦੇ ਬੇਟ, ਨਵਜੀਤ ਸਿੰਘ ਸਰਪੰਚ ਹਰਮੀਤ ਸਿੰਘ ਮਾਲੇਵਾਲ ਬਾਬਾ ਪ੍ਰਕਾਸ਼ ਸਿੰਘ ਵੀਲਾ ਰਾਂਝਾ ਮੋਲੇ ਵਾਲੀ ਆਦ ਕਿਸਾਨ ਆਗੂ ਹਾਜ਼ਰ ਸਨ।

ਜਗਦੀਸ਼ ਢੋਸੀਵਾਲ ਵਿਕਾਸ ਮਿਸ਼ਨ ਦੇ ਲਗਾਤਾਰ ਦਸਵੀਂ ਵਾਰ ਪ੍ਰਧਾਨ ਚੁਣੇ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ/ਪਰਮਜੀਤ ਸਿੰਘ/ਚਾਵਲਾ)-ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੀ ਵਿਸ਼ੇਸ਼ ਮੀਟਿੰਗ ਸਥਾਨਕ ਰੇਲਵੇ ਰੋਡ ਸਥਿਤ ਪਵਨ ਹੋਟਲ ਐਂਡ ਸਵੀਟਸ ਸ਼ਾਪ ਵਿਖੇ ਹੋਈ।ਮੀਟਿੰਗ ਵਿੱਚ ਸਮੂਹ ਮਿਸ਼ਨ ਮੈਂਬਰ ਸ਼ਾਮਲ ਹੋਏ। ਨੌਜਵਾਨ ਸਮਾਜ ਸੇਵਕ ਸਾਹਿਲ ਚਰਾਇਆ ਤੇ ਅਰਨਵ ਗਿਰਧਰ ਨੇ ਵੀ ਇਸ ਮੌਕੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।ਮੀਟਿੰਗ ਦੌਰਾਨ ਸਭ ਤੋਂ ਪਹਿਲਾਂ ਪ੍ਰਧਾਨ ਢੋਸੀਵਾਲ ਨੇ ਸੰਸਥਾ ਦੀ ਮੰਜੂਦਾ ਕਾਰਜਕਾਰਨੀ ਨੂੰ ਭੰਗ ਕਰਨ ਦਾ ਐਲਾਨ ਕੀਤਾ।ਉਪਰੰਤ ਮੌਜੂਦ ਮੈਂਬਰਾਂ ਨੇ ਸਰਬਸੰਮਤੀ ਨਾਲ ਸ੍ਰੀ ਢੋਸੀਵਾਲ ਨੂੰ ਲਗਾਤਾਰ ਦਸਵੀਂ ਵਾਰ ਮਿਸ਼ਨ ਦਾ ਪ੍ਰਧਾਨ ਚੁਣਿਆ ਤੇ ਬਾਕੀ ਦੀ ਕਾਰਜਕਾਰਨੀ ਬਣਾਉਣ ਦੇ ਅਧਿਕਾਰ ਉਨ੍ਹਾਂ ਨੂੰ ਦਿੱਤੇ।ਇਨ੍ਹਾਂ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਢੋਸੀਵਾਲ ਨੇ ਇੰਸ. ਜਗਸੀਰ ਸਿੰਘ ਨੂੰ ਚੀਫ ਪੈਟਰਨ ਤੇ ਡਾ. ਸੁਰਿੰਦਰ ਗਿਰਧਰ ਅਤੇ ਪ੍ਰਦੀਪ ਧੂੜੀਆ (ਦੋਹਾਂ ਨੂੰ) ਪੈਟਰਨ ਨਿਯੁਕਤ ਕੀਤਾ।ਇਸੇ ਤਰ੍ਹਾਂ ਇੰਜ. ਅਸ਼ੋਕ ਕੁਮਾਰ ਭਾਰਤੀ ਨੂੰ ਮਿਸ਼ਨ ਦਾ ਮਾਰਗ ਦਰਸ਼ਕ ਨਿਯੁਕਤ ਕੀਤਾ ਗਿਆ ਤੇ ਨਿਰੰਜਣ ਸਿੰਘ ਰੱਖੜਾ ਨੂੰ ਚੇਅਰਮੈਨ ਬਣਾਇਆ ਗਿਆ ਹੈ।ਗੁਰਪਾਲ ਸਿੰਘ ਪਾਲੀ, ਰਾਜੀਵ ਕਟਾਰੀਆ ਤੇ ਚੌ. ਬਲਬੀਰ ਸਿੰਘ ਨੂੰ ਕ੍ਰਮਵਾਰ ਫਸਟ, ਸੈਕਿੰਡ ਤੇ ਥਰਡ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ।ਰਾਮ ਸਿੰਘ ਪੱਪੀ ਸਾਬਕਾ ਕੌਂਸਲਰ, ਬਰਨੇਕ ਸਿੰਘ ਦਿਓਲ, ਓ. ਪੀ. ਖਿੱਚੀ, ਪ੍ਰਿੰ. ਸੰਜੀਵ ਜਿੰਦਲ ਤੇ ਸੁਖਬੰਸ ਸਿੰਘ ਚਹਿਲ ਸਮੇਤ ਪੰਜਾਂ ਨੂੰ ਮੀਤ ਪ੍ਰਧਾਨ ਥਾਪਿਆ ਗਿਆ।ਰਾਜਿੰਦਰ ਖੁਰਾਣਾ ਨੂੰ ਸੰਸਥਾ ਤੇ ਪ੍ਰਸ਼ਾਸਨ ਵਿੱਚ ਤਾਲਮੇਲ ਕਾਇਮ ਰੱਖਣ ਲਈ ਮਿਸ਼ਨ-ਪ੍ਰਸ਼ਾਸਨ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ।ਡਾ. ਜਸਵਿੰਦਰ ਸਿੰਘ, ਪ੍ਰਸ਼ੋਤਮ ਗਿਰਧਰ ਤੇ ਰਾਜੇਸ਼ ਗਿਰਧਰ ਨੂੰ ਸੰਸਥਾ ਦਾ ਜਨਰਲ ਸਕੱਤਰ ਬਣਾਇਆ ਗਿਆ ਹੈ, ਜਦੋਂਕਿ ਮੈਡਮ ਸ਼ੈਲਜਾ ਗਿਰਧਰ ਤੇ ਮੈਡਮ ਇੰਦਰਜੀਤ ਕੌਰ ਐੱਮ. ਸੀ. ਨੂੰ ਸਹਾਇਕ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ।ਇਸੇ ਤਰ੍ਹਾਂ ਪ੍ਰਸਿੱਧ ਲੇਖਿਕਾ ਮੈਡਮ ਬਿਮਲਾ ਜੈਨ ਲੈਕਚਰਾਰ ਤੇ ਅੰਤਰਰਾਸ਼ਟਰੀ ਪੱਧਰ ਦੀ ਨਾਵਲਿਸਟ ਮਿਸ ਹਰਪਿੰਦਰ ਰਾਣਾ ਨੂੰ ਮਿਸ਼ਨ ਦਾ ਵਿਸ਼ੇਸ਼ ਸਕੱਤਰ ਨਿਯੁਕਤ ਕੀਤਾ ਗਿਆ ਹੈ।ਮਨੋਹਰ ਲਾਲ ਹਕਲਾ, ਚੰਦ ਸਿੰਘ ਲੱਧੂਵਾਲਾ ਤੇ ਅਰਸ਼ ਬੱਤਰਾ ਨੂੰ ਜੁਆਇੰਟ ਸਕੱਤਰ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।ਡਾ. ਸੰਜੀਵ ਮਿੱਢਾ ਪਹਿਲਾਂ ਦੀ ਤਰ੍ਹਾਂ ਹੀ ਸੰਸਥਾ ਦੇ ਕੈਸ਼ੀਅਰ ਬਣੇ ਰਹਿਣਗੇ।ਜਗਦੀਸ਼ ਚੰਦਰ ਧਵਾਲ ਨੂੰ ਮੁੱਖ ਸਲਾਹਕਾਰ ਤੇ ਅਮਰ ਨਾਥ ਸੇਰਸੀਆ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ।ਵਿਜੇ ਸਿਡਾਨਾ ਨੂੰ ਲੋਕ ਸੰਪਰਕ ਵਿੰਗ ਦੇ ਡਾਇਰੈਕਰਟ ਤੇ ਸਾਹਿਲ ਕੁਮਾਰ ਹੈਪੀ ਨੂੰ ਏ.ਪੀ.ਆਰ.ਓ. ਨਿਯੁਕਤ ਕੀਤਾ ਗਿਆ ਹੈ।ਨਰਿੰਦਰ ਕਾਕਾ ਨੂੰ ਪ੍ਰੈੱਸ ਫੋਟੋਗ੍ਰਾਫਰ ਬਣਾਇਆ ਗਿਆ ਹੈ।ਮੰਜੂਦਾ ਕੌਂਸਲਰ ਮੈਡਮ ਰੁਪਿੰਦਰ ਬੱਤਰਾ ਐੱਮ. ਸੀ. ਤੇ ਨੀਰਜ ਚਾਵਲਾ ਅਤੇ ਡਾ. ਸਤੀਸ਼ ਗਲਹੋਤਰਾ ਸੰਸਥਾ ਦੇ ਵਿਸ਼ੇਸ਼ ਸਹਿਯੋਗੀ ਹੋਣ ਦੇ ਨਾਤੇ ਉਨ੍ਹਾਂ ਦਾ ਸਮੁੱਚੇ ਮਿਸ਼ਨ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਉਕਤ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਸੰਸਥਾ ਦੇ ਬਾਕੀ ਸਾਰੇ ਮੈਂਬਰ ਕਾਰਜਕਾਰਨੀ ਵਿੱਚ ਸ਼ਾਮਲ ਕੀਤੇ ਗਏ ਹਨ। ਮੀਟਿੰਗ ਵਿਚ ਮੌਜੂਦ ਸਮੂਹ ਮੈਂਬਰਾਂ ਨੇ ਪ੍ਰਧਾਨ ਵੱਲੋਂ ਇਨ੍ਹਾਂ ਨਿਯੁਕਤੀਆਂ ਨੂੰ ਹੱਥ ਖੜੇ ਕਰਕੇ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ। ਇਸ ਮੌਕੇ ਨਵੇਂ ਚੁਣੇ ਗਏ ਸਾਰੇ ਅਹੁਦੇਦਾਰਾਂ ਨੇ ਉਨ੍ਹਾਂ ਪ੍ਰਤੀ ਪ੍ਰਧਾਨ ਢੋਸੀਵਾਲ ਵੱਲੋਂ ਦਿਖਾਏ ਗਏ ਵਿਸ਼ਵਾਸ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਸਦਾ ਹੀ ਇਸ ਵਿਸ਼ਵਾਸ 'ਤੇ ਪੂਰਾ ਉਤਰਨਗੇ।ਉਪਰੰਤ ਸਮੂਹ ਮੈਂਬਰਾਂ ਨੇ ਪ੍ਰਧਾਨ ਢੋਸੀਵਾਲ ਨੂੰ ਹਾਰ ਪਾ ਕੇ ਵਧਾਈ ਦਿੱਤੀ।ਢੋਸੀਵਾਲ ਨੇ ਦੱਸਿਆ ਕਿ ਨਵੀਂ ਚੁਣੀ ਗਈ ਕਾਰਜਕਾਰਨੀ ਦਾ ਕਾਰਜਕਾਲ 01 ਅਪ੍ਰੈਲ 2024 ਤੋਂ 31 ਮਾਰਚ 2025 ਤੱਕ ਹੋਵੇਗਾ।

ਪੰਥ ਦੀਆਂ ਬੇੜੀਆਂ 'ਚ ਬਹਿਣ ਵਾਲੇ ਪੰਥ ਪੰਥ ਕੂਕਣ ਲੱਗੇ : ਭੁੱਲਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਫਿਰੋਜ਼ਪੁਰ ਦੀ ਇੱਕ ਮੀਟਿੰਗ ਪਾਰਟੀ ਦੇ ਦਫਤਰ ਫਿਰੋਜ਼ਪੁਰ ਵਿੱਚ ਗੁਰਚਰਨ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਫਿਰੋਜ਼ਪੁਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ ਮੈਂਬਰ ਪਾਰਲੀਮੈਂਟ ਮੈਟ ਦੇ ਇਲੈਕਸ਼ਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਸਮੇਂ ਗੁਰਚਰਨ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ, ਤੇਜਿੰਦਰ ਸਿੰਘ ਦਿਉਲ ਯੂਥ ਪ੍ਰਧਾਨ, ਜਤਿੰਦਰ ਸਿੰਘ ਥਿੰਦ ਪੀ ਏ ਸੀ ਮੈਂਬਰ, ਜਗਜੀਤ ਸਿੰਘ ਦਫਤਰ ਸਕੱਤਰ, ਭੁਪਿੰਦਰ ਸਿੰਘ ਭੁੱਲਰ ਪ੍ਰਧਾਨ ਫਿਰੋਜ਼ਪੁਰ ਸ਼ਹਿਰੀ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਜਿਨ੍ਹਾਂ ਪਾਰਟੀਆਂ ਦਾ ਬੀ ਜੇ ਪੀ ਨਾਲ ਪਿਛਲੇ ਲੰਮੇ ਸਮੇਂ ਤੋਂ ਨਹੁੰ-ਮਾਸ ਦਾ ਰਿਸ਼ਤਾ ਚੱਲਦਾ ਆ ਰਿਹਾ ਸੀ ਤੇ ਜਿਨ੍ਹਾਂ ਨੇ ਪੰਜਾਬ ਵਿੱਚ ਰਾਜਭਾਗ ਮਾਣਿਆ ਹੋਵੇ ਅਤੇ ਆਪਣੇ ਰਾਜ ਵਿੱਚ ਆਪਣੀ ਤਾਕਤ ਨਾਲ ਸਿੱਖੀ ਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰ ਧਾਰਾ 'ਤੇ ਚੱਲਣ ਵਾਲੇ ਪੰਥਕ ਆਗੂਆਂ 'ਤੇ ਤਸ਼ੱਦਦ ਕੀਤਾ ਹੋਵੇ ਅਤੇ ਸੱਚਾਈ 'ਤੇ ਚੱਲਣ ਤੇ ਪੰਥ ਦੀ ਰਹਿਨੁਮਾਈ ਕਰਨ ਵਾਲਿਆਂ ਨੂੰ ਜੇਲ੍ਹਾਂ ਵਿੱਚ ਬਗੈਰ ਕਿਸੇ ਗੁਨਾਹ ਤੋਂ ਰੱਖਿਆ ਹੋਵੇ ਅਤੇ ਦਿੱਲੀ ਨਾਲ ਯਾਰੀਆਂ ਪੁਗਾ ਕੇ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਬਜਾਏ ਬਾਹਰਲੀਆਂ ਜੇਲ੍ਹਾਂ ਵਿੱਚ ਰਖਾਇਆ ਹੋਵੇ, ਜਿਨ੍ਹਾਂ ਨੇ ਆਰ ਐੱਸ ਐੱਸ ਦੇ ਥੱਲੇ ਲੱਗ ਕੇ ਪੰਥ ਦਾ ਘਾਣ ਕੀਤਾ ਹੋਵੇ, ਕੋਟ ਕਪੂਰੇ ਨਾਮ ਜੱਪਦੀਆਂ ਸੰਗਤਾਂ 'ਤੇ ਲਾਠੀਚਾਰਜ ਕਰਾਇਆ ਹੋਵੇ, ਦੋ ਸਿੱਖਾਂ ਨੂੰ ਸ਼ਹੀਦ ਕਰਵਾਇਆ ਹੋਵੇ, ਗੁਰੂ ਗ੍ਰੰਥ ਸਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਆਪਣੀ ਛਤਰਛਾਇਆ ਹੇਠ ਰੱਖਿਆ ਹੋਵੇ, ਜਿਨ੍ਹਾਂ ਨੇ ਬੇਅਦਬੀ ਕਰਾਉਣ ਵਾਲਿਆਂ ਨੂੰ ਮੁਆਫੀ ਦੇ ਕੇ ਇਸ਼ਤਿਹਾਰਾਂ ਤੇ ਸੰਗਤ ਦੀ ਭੇਟ ਕੀਤੀ ਮਾਇਆ ਉਡਾਈ ਹੋਵੇ, ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਵਿੱਚ ਆਰ ਐੱਸ ਐੱਸ ਦੀ ਦਖ਼ਲ ਅੰਦਾਜ਼ੀ ਕਰਾਈ ਹੋਵੇ ਤੇ ਸੰਗਤਾਂ ਵੱਲੋਂ ਭੇਟ ਕੀਤੀ ਮਾਇਆ ਆਪਣੇ ਐਸ਼ੋ ਅਰਾਮ 'ਤੇ ਲਗਾਈ ਹੋਵੇ, ਅੱਜ ਉਹ ਲੋਕ ਪੰਥ ਪੰਥ ਕੂਕਨ ਲੱਗ ਜਾਣ ਤਾਂ ਪੰਥ ਦਾ ਵਾਲੀ ਵਾਰਸ ਕੌਣ? ਗੁਰੂ ਦੇ ਪਿਆਰਿਆਂ ਇਨ੍ਹਾਂ ਪੰਥ ਦੇ ਘਾਣ ਕਰਨ ਵਾਲਿਆਂ ਡੋਗਰਿਆਂ ਨੂੰ ਪਛਾਣੋ।ਆਪਣੀ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ, ਅਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਡਿਬਰੂਗੜ੍ਹ ਤੋਂ ਰਿਹਾਈ ਕਰਾਉਣ ਲਈ ਤੇ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਪੰਥਕ ਆਗੂਆਂ ਦਾ ਸਾਥ ਦਿਉ।

ਚੰਨੀ ਪਹੁੰਚੇ ਪੀੜਤ ਪਰਵਾਰਾਂ ਨਾਲ ਦੁੱਖ ਸਾਂਝਾ ਕਰਨ

ਸੁਨਾਮ ਉਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)-ਸਥਾਨਕ ਟਿੱਬੀ ਰਵਿਦਾਸਪੁਰਾ ਵਿਖੇ ਜ਼ਹਿਰੀਲੀ ਸ਼ਰਾਬ ਨਾਲ ਮਰਨ ਵਾਲਿਆਂ ਦੇ ਪਰਵਾਰਾਂ ਨਾਲ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਦੁੱਖ ਸਾਂਝਾ ਕੀਤਾ ਗਿਆ। ਇਸ ਮੌਕੇ ਚੰਨੀ ਨੇ ਕਿਹਾ ਕਿ ਸਥਾਨਕ ਟਿੱਬੀ ਰਵਿਦਾਸਪੁਰਾ ਵਿਖੇ ਜ਼ਹਿਰੀਲੀ ਸ਼ਰਾਬ ਪੀ ਕੇ 14 ਬੰਦੇ ਮਰ ਗਏ। ਸਰਕਾਰ ਦੀ ਗਲਤੀ ਕਾਰਨ ਬੱਚੇ ਅਨਾਥ ਹੋ ਗਏ ਪਰ ਇਨ੍ਹਾਂ ਗਰੀਬਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਉਨ੍ਹਾ ਕਿਹਾ ਕਿ ਜੇ ਡੰਗਰ ਵੀ ਮਰ ਜਾਂਦੇ ਹਨ ਤਾਂ ਉਨ੍ਹਾਂ ਨੂੰ ਵੀ ਮੁਆਵਜ਼ਾ ਮਿਲ ਜਾਂਦਾ ਹੈ ਪਰ ਇੱਥੇ ਕੁਝ ਨਹੀਂ ਮਿਲ ਰਿਹਾ। ਸਰਕਾਰ ਵੱਲੋਂ ਨਾ ਕੋਈ ਮੁਆਵਜ਼ਾ ਦਿੱਤਾ ਜਾ ਰਿਹਾ ਨਾ ਕੋਈ ਨੌਕਰੀ ਦਿੱਤੀ ਜਾ ਰਹੀ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਦਾ ਜ਼ਿਲ੍ਹਾ ਹੋਵੇ, ਵਿੱਤ ਮੰਤਰੀ ਦਾ ਖੇਤਰ ਹੋਵੇ, ਉਥੇ ਨਜਾਇਜ਼ ਸ਼ਰਾਬ ਵਿਕ ਰਹੀ ਹੈ। ਉਨ੍ਹਾ ਕਿਹਾ ਕਿ ਜਦੋਂ ਉਨ੍ਹਾਂ ਦੀ ਸਰਕਾਰ ਆਵੇਗੀ ਤਾਂ ਉਹ ਪੀੜਤਾਂ ਨੂੰ 50-50 ਲੱਖ ਰੁਪਏ ਦਾ ਮੁਆਵਜ਼ਾ ਅਤੇ ਇੱਕ ਸਰਕਾਰੀ ਨੌਕਰੀ ਦੇਣਗੇ। ਇਸ ਮੌਕੇ ਜਗਦੇਵ ਸਿੰਘ ਜੱਗਾ, ਮਨਪ੍ਰੀਤ ਬੜੈਚ, ਰਿੰਪਲ ਧਾਲੀਵਾਲ, ਜਸਵੰਤ ਭੰਮ, ਸਤਪਾਲ ਫਤਿਹਗੜ੍ਹੀਆ ਤੇ ਕਈ ਹੋਰ ਕਾਂਗਰਸੀ ਆਗੂ ਮੌਜੂਦ ਸੀ।

COURT NOTICE

(U/o 5 Rule 20 CPC)
In The Court of Ms. Shivani
Civil Judge (Junior Division) Ludhiana
CNR No. PBLD02-011812-2023
Next Date : 20.04.2024
M/S Shiva Glass House
Vs.
M/S New Handa Building Material Publication Issued to :
M/S New Handa Building Material :-
M/S New Handa Building Material Situated at Muktsar Road, Guru Harsahai 152022, Punjab through its Prop. Mobile No. 9464720079

In above titled case, the defendant (s)/respondent (s) could not be served. It is ordered that defendant (s)/respondant (s) should appear in person or through counsel on 20.04.2024 at 10:00 A.M.

For details logon to https://highcourtchd.gov.in/?trs=district_notice&district= Ludhiana

Civil Judge (Junior Division)
Ludhiana
Dated this day of 16-03-2024

ਜੇਬ 'ਚੋਂ 28000 ਰੁਪਏ ਖੋਹਣ ਵਾਲੇ ਦੋ ਕਾਬੂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ/ਪਰਮਜੀਤ ਸਿੰਘ/ਚਾਵਲਾ)-ਭਾਗੀਰਥ ਮੀਨਾ ਆਈ.ਪੀ.ਐਸ ਸੀਨੀਅਰ ਕਪਤਾਨ ਪੁਲਸ, ਮਨਮੀਤ ਸਿੰਘ ਪੀ.ਪੀ.ਐਸ. ਕਪਤਾਨ ਪੁਲਿਸ (ਡੀ) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਪਵਨਜੀਤ ਸਿੰਘ ਪੀ.ਪੀ.ਐਸ ਉਪ ਕਪਤਾਨ ਪੁਲਸ ਸਬ ਡਵੀਜ਼ਨ ਮਲੋਟ ਦੀ ਰਹਿਨੁਮਾਈ ਹੇਠ ਇੰਸਪੈਕਟਰ ਗੁਰਦੀਪ ਸਿੰਘ ਮੁੱਖ ਅਫ਼ਸਰ ਥਾਣਾ ਸਿਟੀ ਮਲੋਟ ਸਮੇਤ ਪੁਲਸ ਪਾਰਟੀ ਵੱਲੋਂ ਝਪਟ ਮਾਰ ਕੇ ਜੇਬ ਵਿੱਚੋਂ 28000 ਰੁਪਏ ਖੋਹ ਕਰਨ ਵਾਲੇ 02 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ।ਥਾਣਾ ਸਿਟੀ ਮਲੋਟ ਦੇ ਏਰੀਆ ਵਿੱਚ ਹੋਈ ਘਟਨਾ, ਜਿਸ ਵਿੱਚ ਸੋਨੂੰ ਉਰਫ਼ ਮੁੰਨਾ ਪੁੱਤਰ ਭੂਰਾ ਰਾਮ ਅਤੇ ਰਾਮ ਖੰਨਾ ਪੁੱਤਰ ਕਾਲਾ ਰਾਮ ਵਾਸੀਆਨ ਸਾਹਮਣੇ ਜਗਤਾਰ ਸਿੰਘ ਬਰਾੜ ਐਮ.ਸੀ. ਦਾ ਘਰ ਬਾਬਾ ਦੀਪ ਸਿੰਘ ਨਗਰ ਮਲੋਟ ਵੱਲੋਂ ਮੁਦਈ ਮੁਕੱਦਮਾ ਮੇਘਾ ਰਾਮ ਪੁੱਤਰ ਚੁੰਨੀ ਲਾਲ ਪੁੱਤਰ ਪੀਰਾ ਰਾਮ ਵਾਸੀ ਗਲੀ ਨੰਬਰ 07 ਮੇਨ ਗਲੀ ਪਟੇਲ ਨਗਰ ਮਲੋਟ ਦੀ ਕਮੀਜ਼ ਦੀ ਸੱਜੀ ਜੇਬ (ਗੀਜਾ) ਝਪਟ ਮਾਰ ਕੇ ਪੱਟ ਕੇ ਲੈ ਗਏ ਜੇਬ ਵਿੱਚ ਕਰੀਬ 28000 ਰੁਪਏ ਨਕਦ ਤੇ ਇਕ ਮੋਬਾਇਲ ਐਮਐਲ (ਰੈਡਮੀ) ਰੰਗ ਨੀਲਾ-ਕਾਲਾ ਨਾਲ ਲਏ ਗਏ, ਜਿਸ 'ਤੇ ਮੁਕੱਦਮਾ ਵਾਧਾ ਜੁਰਮ ਥਾਣਾ ਸਿਟੀ ਮਲੋਟ ਵਿਖੇ ਦਰਜ ਕੀਤਾ ਗਿਆ।ਫਿਰ ਥਾਣਾ ਸਿਟੀ ਮਲੋਟ ਦੀ ਪੁਲਿਸ ਵੱਲੋਂ ਬੜੀ ਤੇਜ਼ੀ ਨਾਲ ਤਫ਼ਤੀਸ਼ ਕਰਦੇ ਹੋਏ ਦੌਰਾਨੇ ਤਫ਼ਤੀਸ਼ ਦੋਸ਼ੀਆਨ ਸੋਨੂੰ ਉਰਫ਼ ਮੁੰਨਾ ਪੁੱਤਰ ਭੂਰਾ ਰਾਮ ਤੇ ਰਾਮ ਖੰਨਾ ਪੁੱਤਰ ਕਾਲਾ ਰਾਮ ਵਾਸੀਆਨ ਸਾਹਮਣੇ ਜਗਤਾਰ ਸਿੰਘ ਬਰਾੜ ਐਮ.ਸੀ. ਦਾ ਘਰ ਬਾਬਾ ਦੀਪ ਸਿੰਘ ਨਗਰ ਮਲੋਟ ਨੂੰ ਹਸਬ ਜ਼ਾਬਤਾ ਅਨੁਸਾਰ ਗ੍ਰਿਫ਼ਤਾਰ ਕਰਕੇ ਦੋਸ਼ੀਆਨ ਉਕਤਾਨ ਪਾਸੋਂ ਇੱਕ ਮੋਬਾਇਲ ਫੋਨ ਐਮ ਐਲ ਰੰਗ ਨੀਲਾ-ਕਾਲਾ ਤੇ ਵਾਰਦਾਤ ਸਮੇਂ ਵ

30-MAR-PAGE-7.qxd 3/29/2024 9:31 PM Page 1

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਰੋਸ ਮੁਜ਼ਾਹਰਾ

■ ਡਿਪਟੀ ਕਮਿਸ਼ਨਰ ਦਫਤਰ 'ਚ ਜਾ ਕੇ ਦਿੱਤਾ ਮੰਗ ਪੱਤਰ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਫਰੀਦਕੋਟ ਵੱਲੋਂ ਬਲਾਕ ਫਰੀਦਕੋਟ ਦੇ ਪਿੰਡਾਂ ਦਾ ਇਕੱਠ ਕਰਕੇ ਆਪਣੀਆਂ ਮੰਗਾਂ ਤੇ ਰੁਕੇ ਹੋਏ ਪੈਸੇ ਲੈਣ ਲਈ ਰੋਸ ਮੁਜ਼ਾਹਰਾ ਕੀਤਾ ਗਿਆ।ਰੋਸ ਮਾਰਚ ਦੀ ਅਗਵਾਈ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਗੋਰਾ ਸਿੰਘ ਪਿਪਲੀ ਤੇ ਕਰਮਜੀਤ ਕੌਰ ਮਚਾਕੀ ਕਲਾਂ ਨੇ ਕੀਤੀ। ਇਕੱਠੇ ਹੋਏ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਨਰੇਗਾ ਕਾਨੂੰਨ ਦੀਆਂ ਧੱਜੀਆਂ ਉਡਾ ਰਹੀ ਹੈ। ਕਾਨੂੰਨ ਮੁਤਾਬਕ 15 ਦਿਨਾਂ ਦੇ ਵਿੱਚ ਵਿੱਚ ਕੰਮ ਦੇਣਾ ਹੁੰਦਾ ਹੈ ਤੇ ਕੀਤੇ ਹੋਏ ਕੰਮ ਦੇ ਪੈਸੇ ਦੇਣੇ ਹੁੰਦੇ ਹਨ, ਪਰ ਪੰਜਾਬ ਤੇ ਕੇਂਦਰ ਸਰਕਾਰ ਪਿਛਲੇ ਤਿੰਨ ਮਹੀਨਿਆਂ ਤੋਂ ਇੱਕ ਵੀ ਪੈਸਾ ਨਾ ਦੇ ਕੇ ਮਜ਼ਦੂਰਾਂ ਨਾਲ ਧਰੋਹ ਕਮਾ ਰਹੀ ਹੈ। ਮਜ਼ਦੂਰਾਂ ਨੇ ਦੱਸਿਆ ਕਿ ਪਿਛਲੇ ਤਿੰਨ ਮਹੀਨੇ ਤੋਂ ਨਰੇਗਾ ਦਾ ਕੰਮ ਕਰ ਰਹੇ ਹਨ, ਪਰ ਉਨ੍ਹਾਂ ਨੂੰ ਇੱਕ ਵੀ ਪੈਸਾ ਨਹੀਂ ਮਿਲਿਆ, ਜਿਸ ਕਰਕੇ ਉਨ੍ਹਾਂ ਦਾ ਜਿਉਣਾ ਦੁੱਭਰ ਹੋ ਚੁੱਕਿਆ ਹੈ। ਉਹ ਆਪਣੇ ਜੀਵਨ ਦਾ ਨਿਰਬਾਹ ਕਿਸ ਤਰ੍ਹਾਂ ਕਰਨ।ਮਜ਼ਦੂਰਾਂ ਨੇ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਉਨ੍ਹਾਂ ਦੇ ਖਾਤਿਆਂ ਵਿੱਚ ਪੈਸੇ ਪਾਏ ਜਾਣ।ਕੰਮ ਦੀਆਂ ਅਰਜ਼ੀਆਂ ਫੜ ਕੇ ਰਸੀਦਾਂ ਦਿੱਤੀਆਂ ਜਾਣ, ਕੰਮ ਨਾ ਮਿਲਣ 'ਤੇ ਬੇਰੁਜ਼ਗਾਰੀ ਭੱਤੇ ਦਾ ਪ੍ਰਬੰਧ ਕੀਤਾ ਜਾਵੇ, ਨਰੇਗਾ ਪ੍ਰੋਜੈਕਟਾਂ 'ਤੇ ਸੰਦਾਂ, ਪਾਣੀ ਤੇ ਛਾਂ ਦਾ ਪ੍ਰਬੰਧ ਹੋਵੇ ਅਤੇ ਮੈਡੀਕਲ ਸਹੂਲਤ ਦਾ ਪ੍ਰਬੰਧ ਹੋਵੇ। ਉਨ੍ਹਾਂ ਮੰਗ ਕੀਤੀ ਕਿ ਆਉਣ ਵਾਲੇ ਵਿੱਤੀ ਸਾਲ ਦੌਰਾਨ ਨਰੇਗਾ ਮਜ਼ਦੂਰਾਂ ਨੂੰ ਘੱਟੋ ਘੱਟ ਉਜ਼ਰਤ ਦੇ ਕਾਨੂੰਨ ਮੁਤਾਬਿਕ ਅਣ-ਸਕਿਲਡ ਕਾਮਿਆਂ ਦੀ ਅਦਾਇਗੀ ਕੀਤੀ ਜਾਵੇ, ਜੋ ਕਿ ਲਗਭਗ 450 ਬਣੇਗੀ, ਉਨ੍ਹਾਂ ਮੰਗ ਕੀਤੀ ਕਿ ਨਰੇਗਾ ਦੇ ਕੰਮ ਦੇ ਦਿਨਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਜਾਵੇ, 200 ਦਿਨ ਕੰਮ ਦਿੱਤਾ ਜਾਵੇ ਤਾਂਕਿ ਬੇਰੁਜ਼ਗਾਰੀ ਨਾਲ ਜੂਝ ਰਹੇ ਲੋਕਾਂ ਨੂੰ ਕੁਝ ਰਾਹਤ ਮਿਲ ਸਕੇ।ਨਰੇਗਾ ਕਾਮਿਆਂ ਨੇ ਪੰਜਾਬ ਤੇ ਕੇਂਦਰ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਆਧਰ ਵਿੱਚ ਡਿਪਟੀ ਕਮਿਸ਼ਨਰ ਦਫਤਰ ਵਿੱਚ ਜਾ ਕੇ ਮੰਗ ਪੱਤਰ ਦਿੱਤਾ। ਇਸ ਮੌਕੇ ਅੰਗਰੇਜ਼ ਕੌਰ ਚੰਦਬਾਜਾ, ਰਾਜੂ ਮਚਾਕੀ ਤੇ ਚੰਦਬਾਜ਼ਾ ਤੋਂ ਇਲਾਵਾ ਹੋਰਨਾਂ ਪਿੰਡਾਂ ਦੇ ਨਰੇਗਾ ਵਰਕਰ ਹਾਜ਼ਰ ਸਨ।

ਸ਼ਰਾਬ ਪੀਣ ਨਾਲ ਇੱਕ ਹੋਰ ਨੌਜਵਾਨ ਦੀ ਮੌਤ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪਾਤੜਾਂ ਇਲਾਕੇ ਵਿੱਚ ਪਿੰਡ ਮੌਲਵੀਵਾਲਾ ਦੇ ਵਿਅਕਤੀ ਦੀ ਸ਼ਰਾਬ ਪੀਣ ਨਾਲ ਸ਼ੱਕੀ ਹਾਲਤਾਂ ਵਿੱਚ ਹੋਈ ਮੌਤ ਤੋਂ ਮਗਰੋਂ ਸ਼ਹਿਰ ਦੀ ਸੁੰਦਰ ਬਸਤੀ ਦੇ ਇੱਕ ਹੋਰ ਵਿਅਕਤੀ ਦੀ ਸ਼ਰਾਬ ਪੀਣ ਨਾਲ ਸ਼ੱਕੀ ਹਾਲਤਾਂ ਵਿੱਚ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।ਦੋਨਾਂ ਵਿਅਕਤੀਆਂ ਦੀਆਂ ਲਾਸ਼ਾਂ ਦਾ ਪੋਸਟਮਾਰਟਮ ਉਪਰੰਤ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ।ਪੁਲਸ ਵੱਲੋਂ ਦੋਨਾਂ ਮਾਮਲਿਆਂ ਵਿੱਚ ਧਾਰਾ 174 ਤਹਿਤ ਕਾਰਵਾਈ ਕੀਤੀ ਗਈ ਹੈ।ਸ਼ਹਿਰ ਦੀ ਸੁੰਦਰ ਬਸਤੀ ਵਾਸੀ ਮ੍ਰਿਤਕ ਜੰਗਵੀਰ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਸਤਵਿੰਦਰ ਸਿੰਘ ਵਾਸੀ ਸੰਗਰੂਰ ਨੇ ਦੱਸਿਆ ਕਿ ਉਹ ਮੰਗਲਵਾਰ ਵਾਲੇ ਦਿਨ ਤੋਂ ਸ਼ਰਾਬ ਪੀ ਰਿਹਾ ਸੀ, ਮੈਂ ਆਪਣੇ ਪਰਿਵਾਰ ਸਮੇਤ ਇਸ ਨੂੰ ਆਪਣੇ ਪੁੱਤਰ ਦੇ ਵਿਆਹ ਦਾ ਕਾਰਡ ਦੇਣ ਲਈ ਆਇਆ ਸੀ ਤਾਂ ਉਸ ਸਮੇਂ ਇਸ ਨੇ ਸ਼ਰਾਬ ਪੀਤੀ ਹੋਈ ਸੀ।ਇਸ ਦੀ ਅਚਾਨਕ ਤਬੀਅਤ ਖਰਾਬ ਹੋਣ 'ਤੇ ਇਸ ਨੂੰ ਇਲਾਜ ਲਈ ਇੱਕ ਨਿੱਜੀ ਹਸਪਤਾਲ ਵਿੱਚ ਲਿਜਾਇਆ ਗਿਆ, ਜਿੱਥੋਂ ਇਸ ਦੀ ਹਾਲਤ ਜ਼ਿਆਦਾ ਖਰਾਬ ਹੋਣ 'ਤੇ ਪਟਿਆਲਾ ਲਈ ਰੈਫਰ ਕਰ ਦਿੱਤਾ, ਜਿੱਥੇ ਇਸ ਦੀ ਮੌਤ ਹੋ ਗਈ। ਮ੍ਰਿਤਕ ਜੰਗਵੀਰ ਸਿੰਘ ਦੀ ਮਹੱਲੇ ਵਿੱਚ ਹੀ ਇੱਕ ਛੋਟੀ ਜਿਹੀ ਦੁਕਾਨ ਸੀ ਤੇ ਇਸ ਦੇ 2 ਲੜਕੇ ਹਨ, ਜਿਨ੍ਹਾਂ ਦਾ ਅਜੇ ਵਿਆਹ ਨਹੀਂ ਹੋਇਆ ਹੈ ਅਤੇ ਇਨ੍ਹਾਂ ਵਿੱਚੋਂ ਇੱਕ ਨੂੰ ਥੋੜ੍ਹੇ ਦਿਨ ਪਹਿਲਾਂ ਹੀ ਬੈਂਕ ਵਿੱਚ ਨੌਕਰੀ ਮਿਲੀ ਹੈ।ਇਨ੍ਹਾਂ ਦੋਨਾਂ ਮਾਮਲਿਆਂ ਵਿੱਚ ਪਾਤੜਾਂ ਪੁਲਸ ਵੱਲੋਂ 174 ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।

ਪੁਲਸ ਨੇ ਸੁਲਝਾਈ ਅੰਨ੍ਹੇ ਕਤਲ ਦੀ ਗੁੱਥੀ, ਇੱਕ ਕਾਬੂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)-ਇੰਸਪੈਕਟਰ ਜਸਵੀਰ ਸਿੰਘ ਮੁੱਖ ਅਫਸਰ ਥਾਣਾ ਲੱਖੇਵਾਲੀ ਅਤੇ ਐੱਸ.ਆਈ ਕੁਲਬੀਰ ਚੰਦ ਇੰਚਾਰਜ ਸੀ.ਆਈ.ਏ ਮਲੋਟ ਨੇ ਇੱਕ ਕਤਲ ਦੀ ਗੁੱਥੀ ਨੂੰ ਸੁਲਝਾਉਂਦਿਆਂ ਇੱਕ ਦੋਸ਼ੀ ਨੂੰ ਕਾਬੂ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਅਨੁਸਾਰ 2 ਮਈ 2023 ਨੂੰ ਮੰਡੀ ਲੱਖੇਵਾਲੀ ਦੇ ਗੁਦਾਮਾਂ ਦੇ ਨਜ਼ਦੀਕ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ ਸੀ, ਜਿਸ ਦੀ ਸ਼ਨਾਖਤ ਦਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਚੱਕ ਖੇੜੇਵਾਲਾ (ਜੈਮਲਵਾਲਾ) ਜ਼ਿਲਾ ਫ਼ਾਜ਼ਿਲਕਾ ਵਜੋਂ ਹੋਈ। ਮ੍ਰਿਤਕ ਦਵਿੰਦਰ ਸਿੰਘ ਦੀ ਪਤਨੀ ਸਰਬਜੀਤ ਕੌਰ ਦੇ ਬਿਆਨਾਂ 'ਤੇ ਪੁਲਸ ਵੱਲੋਂ 174 ਸੀ.ਆਰ.ਪੀ.ਸੀ ਦੇ ਤਹਿਤ ਥਾਣਾ ਲੱਖੇਵਾਲੀ ਵਿਖੇ ਕਾਰਵਾਈ ਕੀਤੀ ਗਈ। ਮ੍ਰਿਤਕ ਦਵਿੰਦਰ ਸਿੰਘ ਦੀ ਪੋਸਟਮਾਰਟਮ ਰਿਪੋਰਟ 'ਤੇ ਉਸ ਦੀ ਮੌਤ ਗਲਾ ਘੁੱਟ ਕੇ ਹੋਣੀ ਪਾਈ ਗਈ ਜਿਸ 'ਤੇ ਪੁਲਸ ਵੱਲੋਂ ਤਫਤੀਸ਼ ਸ਼ੁਰੂ ਕੀਤੀ ਗਈ। ਦੌਰਾਨੇ ਤਫਤੀਸ਼ ਪੁਲਸ ਵੱਲੋਂ ਦੋਸ਼ੀ ਅਨਮੋਲ ਸਿੰਘ ਉਰਫ ਜੁਗਨੂ ਪੁੱਤਰ ਚੁੰਘਾ ਸਿੰਘ ਵਾਸੀ ਲੱਖੇਵਾਲੀ ਨੂੰ ਕਾਬੂ ਕੀਤਾ ਗਿਆ ਜਿਸ ਨੇ ਮੁਢਲੀ ਪੁੱਛਗਿਛ ਦੌਰਾਨ ਮੰਨਿਆ ਕਿ ਕਤਲ ਉਸ ਨੇ ਕੀਤਾ ਹੈ ਅਤੇ ਵਜ੍ਹਾ ਰੰਜਿਸ਼ ਦੱਸਿਆ ਕਿ ਦੋਸ਼ੀ ਅਨਮੋਲ, ਮ੍ਰਿਤਕ ਦਵਿੰਦਰ ਦਾ ਦੋਸਤ ਸੀ ਜੋ ਕਿ ਉਹ ਨਸ਼ੇ ਕਰਨ ਦੇ ਆਦੀ ਸਨ। ਨਸ਼ੇ ਕਰਨ ਦੌਰਾਨ ਦੋਸ਼ੀ ਅਨਮੋਲ ਅਤੇ ਮ੍ਰਿਤਕ ਦਵਿੰਦਰ ਦਾ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ ਜਿਸ 'ਤੇ ਗੁੱਸੇ ਵਿੱਚ ਆ ਕੇ ਦੋਸ਼ੀ ਅਨਮੋਲ ਨੇ ਮ੍ਰਿਤਕ ਦਵਿੰਦਰ ਦਾ ਗਲਾ ਘੁੱਟ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ, ਜਿਸ 'ਤੇ ਪੁਲਸ ਵੱਲੋਂ ਮੁਕੱਦਮਾ ਥਾਣਾ ਲੱਖੇਵਾਲੀ ਵਿਖੇ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਗਈ।

ਤਰਕਸ਼ੀਲ ਸੁਸਾਇਟੀ ਵੱਲੋਂ ਵਿਧਾਇਕ ਸਿੱਧੂ ਨੂੰ ਅੰਧ-ਵਿਸ਼ਵਾਸ ਰੋਕੋ ਕਾਨੂੰਨ ਬਣਾਉਣ ਸੰਬੰਧੀ ਮੰਗ ਪੱਤਰ

ਰਾਮਪੁਰਾ ਫੂਲ (ਦਰਸ਼ਨ ਸਿੰਦਲ)-ਤਰਕਸ਼ੀਲ ਸੁਸਾਇਟੀ ਰਾਮਪੁਰਾ ਫੂਲ ਵੱਲੋਂ ਹਲਕੇ ਦੇ ਐਮ.ਐਲ.ਏ. ਬਲਕਾਰ ਸਿੰਘ ਸਿੱਧੂ ਨੂੰ ਅੰਧ-ਵਿਸ਼ਵਾਸ ਰੋਕੋ ਕਾਨੂੰਨ ਬਣਾਉਣ ਸਬੰਧੀ ਮੰਗ ਪੱਤਰ ਦਿੱਤਾ ਗਿਆ। ਸੁਸਾਇਟੀ ਵੱਲੋਂ ਐਮ.ਐਲ.ਏ. ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਅੰਧ-ਵਿਸ਼ਵਾਸਾਂ ਕਾਰਨ ਲੋਕਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਹੋ ਰਿਹਾ ਹੈ।ਇਥੋਂ ਤੱਕ ਕਿ ਇਕੱਲੇ ਪੰਜਾਬ ਵਿੱਚ ਹੀ 4-5 ਮਨੁੱਖੀ ਬਲੀ ਦੇ ਕੇਸਾਂ ਕਾਰਨ ਮੌਤਾਂ ਹੋ ਚੁੱਕੀਆਂ ਹਨ।ਇਹ ਗੁੰਮਰਾਹਕੁਨ ਪ੍ਰਚਾਰ ਵੱਖ ਵੱਖ ਪ੍ਰਚਾਰ ਸਾਧਨਾਂ ਰਾਹੀਂ ਬਹੁਤ ਹੀ ਬੇਢੰਗੇ ਤਰੀਕੇ ਨਾਲ ਕੀਤਾ ਜਾਂਦਾ ਹੈ।ਅੰਧ-ਵਿਸ਼ਵਾਸੀ ਲੁੱਟ ਨੂੰ ਰੋਕਣ ਲਈ ਵਿਸ਼ੇਸ਼ ਤੌਰ 'ਤੇ ਅੰਧ-ਵਿਸ਼ਵਾਸੀ ਰੋਕੋ ਕਾਨੂੰਨ ਬਣਾਉਣ ਦੀ ਲੋੜ ਹੈ ਤਾਂ ਜੋ ਇਸ ਲੁੱਟ ਨੂੰ ਹੋਰ ਜ਼ੋਰਦਾਰ ਢੰਗ ਨਾਲ ਰੋਕਿਆ ਜਾ ਸਕੇ।ਤਰਕਸ਼ੀਲ ਸੁਸਾਇਟੀ ਵੱਲੋਂ ਇੱਕ ਵਿਸ਼ੇਸ਼ ਮੁਹਿੰਮ ਤਹਿਤ ਪੰਜਾਬ ਦੇ ਹਰ ਇੱਕ ਐਮ.ਐਲ.ਏ. ਨੂੰ ਇਹ ਮੰਗ ਪੱਤਰ ਦਿੱਤੇ ਜਾ ਰਹੇ ਹਨ।ਬਲਕਾਰ ਸਿੰਘ ਸਿੱਧੂ ਵਲੋਂ ਤਰਕਸ਼ੀਲ ਸੋਸਾਇਟੀ ਦੁਆਰਾ ਅੰਧ-ਵਿਸ਼ਵਾਸਾਂ ਨੂੰ ਦੂਰ ਕਰਨ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ।ਉਨ੍ਹਾਂ ਨੇ ਅੰਧ-ਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਲਈ ਵਿਸ਼ੇਸ਼ ਸਹਿਯੋਗ ਦਾ ਭਰੋਸਾ ਦਿੱਤਾ ।ਅੱਜ ਮੰਗ ਪੱਤਰ ਦੇਣ ਵਾਲਿਆਂ ਵਿੱਚ ਸੋਸਾਇਟੀ ਦੇ ਮੈਂਬਰਾਂ ਵਿੱਚੋਂ ਮਾਸਟਰ ਸੁਖਮੰਦਰ ਸਿੰਘ, ਗੁਰਜੀਤ ਸਿੰਘ, ਮੇਜਰ ਸਿੰਘ, ਜਗਦੇਵ ਸਿੰਘ, ਬੰਤ ਭੁੰਦੜ, ਵਜ਼ੀਰ ਸਿੰਘ, ਗੁਰਦੀਪ ਸਿੰਘ, ਜੈਂਟਾ ਸਿੰਘ, ਡਾ. ਜਗਤਾਰ ਫੂਲ, ਸੁਰਜੀਤ ਸਿੰਘ ਚੌਕੇ, ਗਗਨ ਰਾਮਪੁਰਾ ਅਤੇ ਪ੍ਰਮੋਦ ਚੰਦ ਸ਼ਾਮਲ ਸਨ।

ਕਾਤਰਾਂ

ਹੋਲੇ ਮਹੱਲੇ ਨੂੰ ਸਮਰਪਤ ਸਾਲਾਨਾ ਸਪੋਰਟਸ ਮੀਟ ਕਰਾਈ

ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸਰੀਰਕ ਸਿੱਖਿਆ ਤੇ ਖੇਡ ਟੈਕਨੋਲੋਜੀ ਵਿਭਾਗ ਵੱਲੋਂ 27 ਮਾਰਚ ਨੂੰ ਹੋਲੇ ਮਹੱਲੇ ਨੂੰ ਸਮਰਪਤ ਸਾਲਾਨਾ ਸਪੋਰਟਸ ਮੀਟ 2023-24 ਕਰਾਈ ਗਈ, ਜਿਸਦਾ ਉਦਘਾਟਨ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਦੁਆਰਾ ਕੀਤਾ ਗਿਆ। ਇਸ ਮੌਕੇ ਯੂਨੀਵਰਸਿਟੀ ਦੇ ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਸਪੋਰਟਸ ਮੀਟ ਵਿੱਚ ਯੂਨੀਵਰਸਿਟੀ ਦੇ 15 ਵਿਭਾਗਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਲੜਕੇ ਤੇ ਲੜਕੀਆਂ ਦੇ ਵਰਗ ਵਿੱਚ ਸਰੀਰਕ ਸਿੱਖਿਆ ਤੇ ਖੇਡ ਟੈਕਨੋਲੋਜੀ ਵਿਭਾਗ ਨੇ ਪਹਿਲਾ ਤੇ ਸਿੱਖਿਆ ਵਿਭਾਗ ਨੇ ਦੂਜਾ ਸਥਾਨ ਹਾਸਲ ਕੀਤਾ।ਇਨ੍ਹਾਂ ਮੁਕਾਬਲਿਆਂ ਦੀ ਓਵਰਆਲ ਟਰਾਫ਼ੀ ਤੇ ਸਰੀਰਕ ਸਿੱਖਿਆ ਤੇ ਖੇਡ ਟੈਕਨਾਲੋਜੀ ਵਿਭਾਗ ਨੇ ਕਬਜ਼ਾ ਕੀਤਾ। ਅੰਮ੍ਰਿਤਪਾਲ ਸਿੰਘ ਤੇ ਸੁਮਨਦੀਪ ਕੌਰ ਇਨ੍ਹਾਂ ਮੁਕਾਬਲਿਆਂ ਵਿੱਚੋ ਬੈਸਟ ਐਥਲੀਟ ਚੁਣੇ ਗਏ। ਇਸ ਸਪੋਰਟਸ ਮੀਟ ਦੇ ਸਮਾਪਤੀ ਸਮਾਰੋਹ ਵਿਚ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋਫੈਸਰ (ਡਾ.) ਤੇਜਬੀਰ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਜੇਤੂਆਂ ਨੂੰ ਮੈਡਲ ਪਾ ਕੇ ਸਨਮਾਨਤ ਕੀਤਾ।

ਅਦਾਲਤ 'ਚ ਹਾਜ਼ਰ ਨਾ ਹੋਣ 'ਤੇ ਦੋ ਖਿਲਾਫ ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਮਾਣਯੋਗ ਅਦਾਲਤ ਵਿੱਚ ਹਾਜ਼ਰ ਨਾ ਹੋਣ 'ਤੇ 2 ਵਿਅਕਤੀਆਂ ਖਿਲਾਫ ਥਾਣਾ ਕੁੱਲਗੜ੍ਹੀ ਪੁਲਸ ਨੇ 174-ਏ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਕੁੱਲਗੜ੍ਹੀ ਦੇ ਸਹਾਇਕ ਥਾਣੇਦਾਰ ਰਾਜ ਸਿੰਘ ਤੇ ਜੋਰਾ ਸਿੰਘ ਨੇ ਦੱਸਿਆ ਕਿ ਇੱਕ ਹੁਕਮ ਮਾਣਯੋਗ ਅਦਾਲਤ ਜੁਡੀਸ਼ੀਅਲ ਮਜਿਸਟਰੇਟ ਫਸਟ ਕਲਾਸ ਫਿਰੋਜ਼ਪੁਰ ਵੱਲੋਂ ਜਾਰੀ ਹੁਕਮ ਵਿੱਚ ਦੋਸ਼ੀ ਨੀਰਜ ਅਰੋੜਾ ਠੱਠਈ ਪੁੱਤਰ ਸਤਪਾਲ ਠੱਠਈ ਵਾਸੀ ਗਲੀ ਨੰਬਰ 12 ਸਾਊਥ ਐਵੇਨਿਊ ਹਨੂੰਮਾਨਗੜ੍ਹ ਰੋਡ ਅਬੋਹਰ, ਜ਼ਿਲ੍ਹਾ ਫਾਜ਼ਿਲਕਾ ਤੇ ਦੋਸ਼ੀ ਅਮਿਤ ਕੱਕੜ ਪੁੱਤਰ ਰਾਜ ਕੁਮਾਰ ਵਾਸੀ ਗਲੀ ਨੰਬਰ 9 ਸਿੱਧੂ ਨਗਰ ਅਬੋਹਰ ਜ਼ਿਲ੍ਹਾ ਫਾਜ਼ਿਲਕਾ ਨੂੰ ਮਾਣਯੋਗ ਅਦਾਲਤ ਵਿੱਚ ਹਾਜ਼ਰ ਨਾ ਆਉਣ 'ਤੇ ਉਸ ਖਿਲਾਫ ਅ/ਧ 174-ਏ ਆਈਪੀਸੀ ਤਹਿਤ ਕਾਰਵਾਈ ਕਰਨ ਲਈ ਮੌਸੂਲ ਹੋਇਆ। ਪੁਲਸ ਨੇ ਦੱਸਿਆ ਕਿ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

ਡਾ. ਬਾਲ ਕ੍ਰਿਸ਼ਨ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਪੰਜਾਬੀ ਯੂਨੀਵਰਸਿਟੀ ਦੇ ਡਿਪਟੀ ਕੰਟਰੋਲਰ ਪ੍ਰੀਖਿਆਵਾਂ ਡਾ. ਬਾਲ ਕ੍ਰਿਸ਼ਨ ਦੀ ਅਚਾਨਕ ਮੌਤ ਹੋ ਜਾਣ ਨਾਲ ਅਕਾਦਮਿਕ ਖੇਤਰ ਵਿੱਚ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਸ਼ਹੀਦ ਕਰਤਾਰ ਸਿੰਘ ਸਰਾਭਾ ਕਲੱਬ ਲੌਂਗੋਵਾਲ ਵੱਲੋਂ ਉਨ੍ਹਾਂ ਦੇ ਅਚਾਨਕ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਕਲੱਬ ਦੇ ਮੈਂਬਰ ਤੇ ਕੁਰੂਕਸ਼ੇਤਰ ਵਿਸ਼ਵਵਿਦਿਆਲਿਆ ਅਧਿਆਪਕ ਸੰਘ ਦੇ ਉਪ ਪ੍ਰਧਾਨ ਡਾ. ਹਰਵਿੰਦਰ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਡਾ. ਬਾਲ ਕ੍ਰਿਸ਼ਨ ਭੌਤਿਕ ਵਿਗਿਆਨ ਵਿਭਾਗ ਵਿੱਚ ਸੇਵਾਵਾਂ ਦੇ ਰਹੇ ਸਨ। ਆਪਣੇ ਆਖਰੀ ਸਮੇਂ ਡਾ. ਬਾਲ ਕ੍ਰਿਸ਼ਨ ਯੂਨੀਵਰਸਿਟੀ ਵਿਖੇ ਪ੍ਰੀਖਿਆ ਸ਼ਾਖਾ ਵਿਚਲੇ ਆਪਣੇ ਦਫ਼ਤਰ ਵਿੱਚ ਰੋਜ਼ਾਨਾ ਵਾਂਗ ਕੰਮਕਾਜ ਕਰ ਰਹੇ ਸਨ, ਜਦੋਂ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ। ਕਲੱਬ ਦੇ ਮੈਂਬਰਾਂ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ।

ਕੇਂਦਰੀ ਜੇਲ੍ਹ 'ਚੋਂ ਮੋਬਾਇਲ ਤੇ ਨਸ਼ੀਲੇ ਪਦਾਰਥ ਬਰਾਮਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਜੇਲ੍ਹ ਦੇ ਬਾਹਰੋਂ 13 ਪੈਕਟ ਸੁੱਟੇ ਗਏ, ਜਿਨ੍ਹਾਂ ਵਿੱਚੋਂ 243 ਪੂੜੀਆਂ ਤੰਬਾਕੂ, 2 ਡੱਬੀਆਂ ਸਿਗਰਟ, 4 ਕੀਪੈਡ ਮੋਬਾਇਲ ਫੋਨ, 1 ਟੱਚ ਸਕਰੀਨ ਮੋਬਾਇਲ ਫੋਨ, 1 ਚਾਰਜਰ,

30-March-PAGE-8.qxd 3/29/2024 9:37 PM Page 1

ਆਈ ਕੇ ਜੀ ਪੀ ਟੀ ਯੂ ਵਿਖੇ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ

ਜਲੰਧਰ (ਸ਼ੈਲੀ ਐਲਬਰਟ):- ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ. ਪੀ.ਟੀ.ਯੂ.) ਦੇ ਨੈਸ਼ਨਲ ਕੈਡੇਟ ਕੋਰ (ਐਨ.ਸੀ.ਸੀ) ਵਿੰਗ ਅਤੇ ਰਾਸ਼ਟਰੀ ਸੇਵਾ ਯੋਜਨਾ (ਐਨ.ਐਸ.ਐਸ) ਵਿੰਗ ਵੱਲੋਂ ਆਪਣੇ ਮੁੱਖ ਕੈਂਪਸ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹਾਦਤ ਦਿਵਸ ਸ਼ਰਧਾ ਭਾਵ ਨਾਲ ਮਨਾਇਆ ਗਿਆ । ਪ੍ਰੋਗਰਾਮ ਵਿੱਚ 250 ਤੋਂ ਵੱਧ ਐਨ.ਐਸ.ਐਸ ਵਾਲੰਟੀਅਰਾਂ ਅਤੇ ਐਨ.ਸੀ.ਸੀ ਕੈਡਿਟਾਂ ਨੇ ਭਾਗ ਲਿਆ। ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤ ਗਾਏ ਅਤੇ ਕਵਿਤਾਵਾਂ ਸੁਣਾਈਆਂ। ਪ੍ਰੋਗਰਾਮ ਦਾ ਆਯੋਜਨ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. (ਡਾ.) ਸੁਸ਼ੀਲ ਮਿੱਤਲ ਦੀ ਅਗਵਾਈ ਹੇਠ ਕੀਤਾ ਗਿਆ। ਯੂਨੀਵਰਸਿਟੀ ਦੇ ਰਜਿਸਟਰਾਰ ਡਾ.ਐਸ.ਕੇ ਮਿਸ਼ਰਾ ਨੇ ਵਿਸ਼ੇਸ਼ ਸੱਦੇ 'ਤੇ ਸ਼ਿਰਕਤ ਕੀਤੀ ਰਜਿਸਟਰਾਰ ਡਾ. ਐਸ.ਕੇ. ਮਿਸ਼ਰਾ ਨੇ ਵਿਦਿਆਰਥੀਆਂ ਵੱਲੋਂ ਸ਼ਹੀਦੀ ਦਿਵਸ ਮਨਾਉਣ ਲਈ ਕੀਤੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖਿਆ ਦਾ ਇੱਕ ਅਹਿਮ ਪਹਿਲੂ ਵਿਦਿਆਰਥੀਆਂ ਨੂੰ ਸਾਡੇ ਮਹਾਨ ਆਜ਼ਾਦੀ ਘੁਲਾਟੀਆਂ ਵੱਲੋਂ ਦਿੱਤੀਆਂ ਗਈਆਂ ਮਹਾਨ ਕੁਰਬਾਨੀਆਂ ਤੋਂ ਜਾਣੂ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਸ਼ਹੀਦ-ਏ-ਆਜ਼ਮ ਦਾ ਖਿਤਾਬ ਸਰਦਾਰ ਭਗਤ ਸਿੰਘ ਨੂੰ ਉਨ੍ਹਾਂ ਦੀ ਮਾਤ ਭੂਮੀ ਪ੍ਰਤੀ ਮਿਸਾਲੀ ਸਮਰਪਣ ਅਤੇ ਦ੍ਰਿੜ ਵਚਨਬੱਧਤਾ ਕਾਰਨ ਦਿੱਤਾ ਗਿਆ ਸੀ ਅਤੇ ਸਾਨੂੰ ਆਪਣੇ ਦੇਸ਼ ਵਿੱਚੋਂ ਬਸਤੀਵਾਦੀ ਸ਼ਾਸਨ ਨੂੰ ਜੜ੍ਹੋਂ ਪੁੱਟਣ ਲਈ ਉਨ੍ਹਾਂ ਦੀ ਲੜਾਈ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ । ਐਨ.ਐਸ.ਐਸ ਪ੍ਰੋਗਰਾਮ ਕੋਆਰਡੀਨੇਟਰ ਡਾ. ਚੰਦਰ ਪ੍ਰਕਾਸ਼ ਨੇ ਸਰਦਾਰ ਭਗਤ ਸਿੰਘ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਬਿਆਨ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਰਾਜਗੁਰੂ ਤਿੰਨਾਂ ਵਿੱਚੋਂ ਸਭ ਤੋਂ ਛੋਟੇ ਸਨ ਅਤੇ ਉਹ ਦੇਸ਼ ਲਈ ਆਪਣੀ ਜਾਨ ਦੇਣ ਲਈ ਇੰਨੇ ਉਤਸੁਕ ਸਨ ਕਿ ਉਨ੍ਹਾਂ ਨੇ ਭਗਤ ਸਿੰਘ ਅਤੇ ਸੁਖਦੇਵ ਥਾਪਰ ਦੋਵਾਂ ਨੂੰ ਕਿਹਾ ਸੀ ਕਿ ਉਨ੍ਹਾਂ ਨੂੰ ਪਹਿਲਾਂ ਫਾਂਸੀ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਭਗਤ ਸਿੰਘ ਸੰਸਕ੍ਰਿਤ ਅਤੇ ਆਰੀਆ ਸਮਾਜ ਦੇ ਮਹਾਨ ਵਿਦਵਾਨ ਸਨ। ਉਸਨੇ ਵਾਰਾਣਸੀ ਦੀ ਇੱਕ ਮਹਾਨ ਸੰਸਥਾ ਦੁਆਰਾ ਆਯੋਜਿਤ ਸੰਸਕ੍ਰਿਤ ਗੋਸ਼ਟੀ ਵਿੱਚ ਲਗਾਤਾਰ ਤਿੰਨ ਵਾਰ ਰਾਸ਼ਟਰੀ ਪੱਧਰ ਦੇ ਲੇਖ ਮੁਕਾਬਲੇ ਵਿੱਚ ਜਿੱਤ ਪ੍ਰਾਪਤ ਕੀਤੀ। ਐਨ.ਸੀ.ਸੀ ਇੰਚਾਰਜ ਡਾ. ਨਵੀਨ ਸ਼ਰਮਾ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਸੁਤੰਤਰਤਾ ਸੰਗਰਾਮ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਅਤੇ ਅਜਿਹੇ ਸੁਤੰਤਰਤਾ ਸੈਨਾਨੀਆਂ ਦੇ ਜੀਵਨ ਦਾ ਅਧਿਐਨ ਕਰਨ ਤਾਂ ਜੋ ਉਹ ਪ੍ਰੇਰਿਤ ਹੋ ਸਕਣ ਅਤੇ ਆਪਣੀਆਂ ਕਹਾਣੀਆਂ ਆਪਣੇ ਨੌਜਵਾਨ ਸਾਥੀ ਵਿਦਿਆਰਥੀਆਂ, ਭੈਣਾਂ-ਭਰਾਵਾਂ ਨੂੰ ਸੁਣਾਉਣ।ਰਾਸ਼ਟਰੀ ਗੀਤ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ। ।

ਦਿਨ-ਦਿਹਾੜੇ ਗੋਲੀਆਂ ਮਾਰ ਕੇ ਕੀਤਾ ਨੌਜਵਾਨ ਦਾ ਕਤਲ

ਮਾਹਿਲਪੁਰ (ਸਫਰੀ) - ਮਾਹਿਲਪੁਰ ਮੇਨ ਚੌਕ ਵਿੱਚ ਬੀਤੀ ਸ਼ਾਮ ਕੋਈ ਪੰਜ ਕੁ ਵਜੇ ਉਸ ਵੇਲੇ ਦਹਿਸ਼ਤ ਫੈਲ ਗਈ ਜਦੋਂ ਇੱਕ ਬੇਕਰੀ ਦੀ ਦੁਕਾਨ ਤੇ ਸਮਾਨ ਲੈਣ ਆਏ ਨੌਜਵਾਨ ਤੇ ਛੇ ਸੱਤ ਗੋਲੀਆਂ ਚਲਾ ਕੇ ਗੰਭੀਰ ਰੂਪ ਵਿੱਚ ਜਖਮੀ ਕਰ ਦਿੱਤਾ । ਗੰਭੀਰ ਰੂਪ ਵਿੱਚ ਜ਼ਖ਼ਮੀ ਨੂੰ ਸਿਵਿਲ ਹਸਪਤਾਲ ਮਾਹਿਲਪੁਰ ਲਿਆਉਣ ਤੇ ਡਾਕਟਰਾਂ ਨੇ ਨੌਜਵਾਨ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ 28 ਮਾਰਚ ਸ਼ਾਮ ਕੋਈ ਪੰਜ ਕੁ ਵਜੇ ਕਰੀਬ 35 ਸਾਲਾ ਨੌਜਵਾਨ ਸਨੀ ਭਾਰਦਵਾਜ ਪੁੱਤਰ ਸਵ: ਹਰੀ ਓਮ ਵਾਸੀ ਮਾਹਿਲਪੁਰ ਆਪਣੇ ਬੁਲਟ ਮੋਟਰਸਾਈਕਲ ਨੂੰ ਇੱਕ ਬੇਕਰੀ ਦੀ ਦੁਕਾਨ ਅੱਗੇ ਖੜਾ ਕਰਕੇ ਸਮਾਨ ਲੈਣ ਵੜਿਆ ਹੀ ਸੀ ਤਾਂ ਅਚਾਨਕ ਉਸਦੇ ਪਿੱਛੇ ਆਏ ਇਕ ਮੂੰਹ ਢੱਕੇ ਹੋਏ ਨੌਜਵਾਨ ਨੇ ਸਨੀ 'ਤੇ ਛੇ ਸੱਤ ਰਾਂਊਂਡ ਫਾਇਰ ਕਰ ਦਿੱਤੇ , ਜਿਸ ਨਾਲ ਸਨੀ ਗੰਭੀਰ ਰੂਪ ਵਿੱਚ ਜਖਮੀ ਹੋ ਗਿਆ ਤੇ ਹਮਲਾਵਰ ਬਾਹਰ ਖੜ੍ਹੇ ਆਪਣੇ ਸਾਥੀ ਨਾਲ ਫ਼ਰਾਰ ਹੋ ਗਿਆ। ਜਖਮੀ ਨੂੰ ਤੁਰੰਤ ਸਿਵਲ ਹਸਪਤਾਲ ਮਾਹਿਲਪੁਰ ਲਿਆਂਦਾ ਗਿਆ , ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਮ੍ਰਿਤਕ ਸਨੀ ਭਾਰਦਵਾਜ ਥਾਣਾ ਮਾਹਿਲਪੁਰ ਦੀ ਪੁਲਸ ਨੇ ਮਿਤੀ 28/12 ਕੇਸ ਨੰਬਰ 271 ਵਿੱਚ ਅਸਲਾ ਐਕਟ ਤਹਿਤ ਗ੍ਰਿਫ਼ਤਾਰ ਕੀਤਾ ਸੀ ਤੇ ਹੁਣ 25 ਦਿਨਾਂ ਤੋਂ ਜਮਾਨਤ 'ਤੇ ਆਇਆ ਹੋਇਆ ਸੀ ।

ਰਾਜਕੁਮਾਰ ਰਾਜੂ ਬਣੇ ਸਰਵ ਸ਼ਕਤੀ ਸੈਨਾ ਦੇ ਸੂਬਾ ਸਕੱਤਰ

ਫਗਵਾੜਾ (ਜਸਵਿੰਦਰ ਢੱਡਾ)- ਸਰਬ ਸ਼ਕਤੀ ਸੈਨਾ ਦੇ ਕੌਮੀ ਪ੍ਰਧਾਨ ਨੀਰਜ ਸੇਠੀ ਅਤੇ ਕੌਮੀ ਸਕੱਤਰ ਰਾਜੇਸ਼ ਸ਼ਰਮਾ ਦੇ ਨਿਰਦੇਸ਼ਾਂ ਅਨੁਸਾਰ ਉੱਤਰੀ ਭਾਰਤ ਦੇ ਪ੍ਰਧਾਨ ਰਾਜਿੰਦਰ ਸ਼ਰਮਾ ਅਤੇ ਪੰਜਾਬ ਉਪ ਪ੍ਰਧਾਨ ਅਵਤਾਰ ਪੰਮਾ ਨੇ ਫਗਵਾੜਾ ਦੇ ਰਾਜ ਕੁਮਾਰ ਰਾਜੂ ਨੂੰ ਉਨ੍ਹਾਂ ਦੀ ਵਫ਼ਾਦਾਰੀ ਅਤੇ ਮਿਹਨਤ ਦੀ ਕਦਰ ਕਰਦੇ ਹੋਏ ਪੰਜਾਬ ਸਕੱਤਰ ਨਿਯੁਕਤ ਕੀਤਾ ਹੈ। ਇਸ ਤੋਂ ਪਹਿਲਾਂ ਉਹ ਫਗਵਾੜਾ ਸਿਟੀ ਪ੍ਰਧਾਨ ਦੀ ਜ਼ਿੰਮੇਵਾਰੀ ਨਿਭਾਅ ਰਹੇ ਸਨ। ਇਸੇ ਤਰ੍ਹਾਂ ਜ਼ਿਲ੍ਹਾ ਪ੍ਰਧਾਨ ਦੀਪਕ ਸ਼ਾਸਤਰੀ ਨੂੰ ਵੀ ਐਨ.ਆਰ.ਆਈ. ਵਿੰਗ ਪੰਜਾਬ ਦਾ ਪ੍ਰਧਾਨ ਥਾਪਿਆ ਗਿਆ ਹੈ। ਨਵ-ਨਿਯੁਕਤ ਅਹੁਦੇਦਾਰਾਂ ਰਾਜੂ ਅਤੇ ਸ਼ਾਸਤਰੀ ਨੇ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਬ ਸ਼ਕਤੀ ਸੈਨਾ ਨੌਜਵਾਨਾਂ ਵਿੱਚ ਨਸ਼ਾ ਛੁਡਾਊ ਜਾਗਰੂਕਤਾ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ, ਨੌਜਵਾਨਾਂ 'ਚ ਦੇਸ਼ ਭਗਤੀ ਦੀ ਭਾਵਨਾ ਫੈਲਾਉਣ ਦੇ ਨਾਲ-ਨਾਲ ਧਾਰਮਿਕ ਅਤੇ ਸਮਾਜਿਕ ਕੰਮਾਂ ਵਿੱਚ ਵੀ ਸਰਗਰਮ ਹੈ। ਇਹ ਸੰਗਠਨ ਪੂਰੇ ਭਾਰਤ ਵਿੱਚ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਬ ਸ਼ਕਤੀ ਸੈਨਾ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਉਨ੍ਹਾਂ ਨੂੰ ਸੌਂਪੀ ਗਈ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਜਾਵੇਗਾ ਅਤੇ ਪੰਜਾਬ ਦੇ ਹਰ ਛੋਟੇ-ਵੱਡੇ ਸ਼ਹਿਰ, ਕਸਬੇ ਤੋਂ ਇਲਾਵਾ ਪੇਂਡੂ ਪੱਧਰ 'ਤੇ ਜਥੇਬੰਦੀ ਦੀਆਂ ਸ਼ਾਖਾਵਾਂ ਬਣਾਈਆਂ ਜਾਣਗੀਆਂ। ਉਹਨਾਂ ਕਿਹਾ ਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਜੱਥੇਬੰਦੀ ਨਾਲ ਜੋੜ ਕੇ ਸਮਾਜਿਕ ਭਾਈਚਾਰਾ ਮਜ਼ਬੂਤ ਕਰਨ ਲਈ ਕੰਮ ਕੀਤਾ ਜਾਵੇਗਾ। ਉਨ੍ਹਾਂ ਨੌਜਵਾਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਦੇਸ਼ ਵਿੱਚ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਲੋਕ ਸਭਾ ਚੋਣਾਂ ਵਿੱਚ ਬਿਨਾਂ ਕਿਸੇ ਡਰ, ਲਾਲਚ ਜਾਂ ਦਬਾਅ ਤੋਂ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਜਰੂਰ ਕੀਤੀ ਜਾਵੇ।

ਸ੍ਰੀ ਹਨੂਮਤ ਇੰਸਟੀਚਿਊਟ ਨੇ ਹੋਟਲ ਫਾਰਚਿਊਨ ਪਾਰਕ ਕੁਫਰੀ ਨਾਲ ਸਮਝੌਤਾ ਪੱਤਰ 'ਤੇ ਕੀਤੇ ਦਸਤਖਤ

ਗੁਰਾਇਆ (ਬਿੰਦਰ ਸੁਮਨ)— ਤਕਨੀਕੀ ਸਿੱਖਿਆ ਦੇ ਖੇਤਰ ਵਿੱਚ ਉੱਤਰੀ ਭਾਰਤ ਦੇ ਪ੍ਰਮੁੱਖ ਵਿਦਿਅਕ ਅਦਾਰਿਆਂ ਵਿੱਚੋਂ ਇੱਕ ਸ਼੍ਰੀ ਹਨੂਮਤ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਨੇ ਕਾਲਜ ਦੇ ਹੋਟਲ ਮੈਨੇਜਮੈਂਟ ਵਿਭਾਗ ਦੇ ਵਿਦਿਆਰਥੀਆਂ ਨੂੰ ਸਿਖਲਾਈ ਅਤੇ ਪਲੇਸਮੈਂਟ ਦੇ ਬਿਹਤਰ ਮੌਕੇ ਪ੍ਰਦਾਨ ਕਰਨ ਦੇ ਉਦੇਸ਼ ਨਾਲ ਹੁਣ ਹਿਮਾਚਲ ਪ੍ਰਦੇਸ਼ ਦੇ ਪ੍ਰਸਿੱਧ ਹਿਲ ਸਟੇਸ਼ਨ ਕੁਫਰੀ ਸਥਿਤ ਆਈ.ਟੀ.ਸੀ. ਗੁਰੱਪ ਦੇ ਹੋਟਲ ਫਾਰਚਿਊਨ ਪਾਰਕ ਦੇ ਨਾਲ ਇੱਕ ਸਹਿਮਤੀ ਪੱਤਰ (ਮੈਮੋਰੇਂਡਮ ਆਫ ਅੰਡਰਸਟੈਂਟਿੰਗ) 'ਤੇ ਹਸਤਾਖਰ ਕੀਤੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸ਼ਿਮਟ ਮੈਨੇਜਮੈਂਟ ਨੇ ਜਲੰਧਰ ਦੇ ਦੋ ਮਸ਼ਹੂਰ ਹੋਟਲਾਂ ਰਮਾਡਾ ਐਨਕੋਰ ਬਾਏ ਵਿੰਡਹੈਮ ਅਤੇ ਹੋਟਲ ਗੋਲਡਨ ਟਿਊਲਿਪ ਨਾਲ ਵੀ ਐਮ.ਓ.ਯੂ. ਦਸਤਖਤ ਕੀਤੇ ਹੋਏ ਹਨ। ਕਾਲਜ ਵਲੋਂ ਡਾਇਰੈਕਟਰ ਡਾ: ਸ਼ੈਲੀ ਰੇਖੀ ਸ਼ਰਮਾ , ਵਿਭਾਗ ਦੇ ਹੈੱਡ ਆਫ ਡਿਪਾਰਟਮੈਂਟ ਅਤੇ ਅਕਾਦਮਿਕ ਡੀਨ ਦੀਪਕ ਠਾਕੁਰ ਜਦਕਿ ਹੋਟਲ ਫਾਰਚਿਊਨ ਪਾਰਕ ਦੇ ਜਨਰਲ ਮੈਨੇਜਰ ਚਿਰੰਤਨ ਸੇਨ ਗੁਪਤਾ ਨੇ ਇਸ ਸਮਝੌਤੇ ਦੇ ਦਸਤਾਵੇਜ਼ 'ਤੇ ਦਸਤਖਤਾਂ ਦੀ ਰਸਮ ਪੂਰੀ ਕੀਤੀ। ਕਾਲਜ ਡਾਇਰੈਕਟਰ ਡਾ: ਸ਼ੈਲੀ ਰੇਖੀ ਸ਼ਰਮਾ ਨੇ ਦੱਸਿਆ ਕਿ ਜਲੰਧਰ ਅਤੇ ਕੁਫਰੀ (ਹਿ.ਪ੍ਰ.) ਦੇ ਵਿਸ਼ਵ ਪ੍ਰਸਿੱਧ ਹੋਟਲਾਂ ਨਾਲ ਐਮ.ਓ.ਯੂ. ਦਸਤਖਤ ਕਰਨ ਦਾ ਉਦੇਸ਼ ਇਸ ਖੇਤਰ ਵਿੱਚ ਹੋਟਲ ਪ੍ਰਬੰਧਨ ਦੇ ਵਿਦਿਆਰਥੀਆਂ ਨੂੰ ਸਿਖਲਾਈ ਅਤੇ ਪਲੇਸਮੈਂਟ ਦੇ ਵਧੀਆ ਮੌਕੇ ਪ੍ਰਦਾਨ ਕਰਨਾ ਹੈ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਹਿਮਾਚਲ ਪ੍ਰਦੇਸ਼ ਦੇ ਕੁਫਰੀ ਦੀਆਂ ਖੂਬਸੂਰਤ ਵਾਦੀਆਂ 'ਚ ਪ੍ਰਮੁੱਖ ਹਿਲ ਸਟੇਸ਼ਨ ਕੁਫਰੀ ਸਥਿਤ ਹੋਟਲ ਫਾਰਚਿਊਨ ਪਾਰਕ ਨਾਲ ਇਹ ਆਪਸੀ ਸਮਝੌਤਾ ਕਾਲਜ ਦੇ ਹੋਟਲ ਮੈਨੇਜਮੈਂਟ ਵਿਭਾਗ ਦੇ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਸਾਬਤ ਹੋਵੇਗਾ। ਉਨ੍ਹਾਂ ਦੱਸਿਆ ਕਿ ਸਮਝੌਤੇ ਤਹਿਤ ਕਾਲਜ ਵਿੱਚ ਹੋਟਲ ਮੈਨੇਜਮੈਂਟ ਨਾਲ ਸਬੰਧਤ ਸੈਮੀਨਾਰ, ਗੈਸਟ ਲੈਕਚਰ, ਹੁਨਰ ਵਿਕਾਸ ਅਤੇ ਸਿਖਲਾਈ ਤੋਂ ਇਲਾਵਾ ਪਲੇਸਮੈਂਟ ਵਿੱਚ ਹੋਟਲ ਅਤੇ ਸੰਸਥਾ ਦੇ ਆਪਸੀ ਸਹਿਯੋਗ ਰਾਹੀਂ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਗਿਆਨ ਵੀ ਪ੍ਰਾਪਤ ਹੋਵੇਗਾ। ਡਾ. ਸ਼ੈਲੀ ਰੇਖੀ ਦੇ ਅਨੁਸਾਰ, ਵਿਦਿਆਰਥੀਆਂ ਨੂੰ ਮਿਆਰੀ ਤਕਨੀਕੀ ਸਿੱਖਿਆ ਪ੍ਰਦਾਨ ਕਰਨਾ ਅਤੇ ਕੈਰੀਅਰ ਦੇ ਵਿਕਾਸ ਲਈ ਕਾਰੋਬਾਰੀ ਪੇਚੀਦਗੀਆਂ ਨੂੰ ਸਮਝਣ ਅਤੇ ਯੋਗਤਾ ਦੇ ਅਨੁਸਾਰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਸ਼ਿਮਟ ਦਾ ਹਮੇਸ਼ਾ ਉਦੇਸ਼ ਰਿਹਾ ਹੈ।

ਵਿਦਿਆਰਥੀਆਂ ਨੂੰ ਵੰਡੀ 2 ਲੱਖ 52 ਹਜ਼ਾਰ ਤੋਂ ਵੱਧ ਵਜ਼ੀਫ਼ੇ ਦੀ ਰਾਸ਼ੀ

ਜਲੰਧਰ (ਇਕਬਾਲ ਸਿੰਘ ਉੱਭੀ) ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵੱਲੋਂ ਵਿਦਿਆਰਥੀਆਂ ਦੀ ਉਚੇਰੀ ਸਿੱਖਿਆ ਲਈ ਮਾਲੀ ਮਦਦ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ 'ਮਾਸਟਰ ਰਾਜਕੰਵਰ ਚੋਪੜਾ 2 ਕਰੋੜ ਰੁਪਏ ਸਕਾਲਰਸ਼ਿਪ' ਯੋਜਨਾ ਤਹਿਤ ਸੇਂਟ ਸੋਲਜਰ ਲਾਅ ਕਾਲਜ ਦੇ 50 ਵਿਦਿਆਰਥੀਆਂ ਨੂੰ 2 ਲੱਖ 52 ਹਜ਼ਾਰ ਰੁਪਏ ਦੀ ਰਾਸ਼ੀ ਦੇ ਚੈਕ ਵੰਡੇ ਗਏ। ਚੇਅਰਮੈਨ ਅਨਿਲ ਚੋਪੜਾ ਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਦੱਸਿਆ ਕਿ ਬੀਬੀਏ ਐੱਲਐੱਲਬੀ, ਬੀਏ ਐੱਲਐੱਲਬੀ, ਬੀਕਾਮ ਐੱਲਐੱਲਬੀ, ਐੱਲਐੱਲਬੀ ਦੇ ਵਿਦਿਆਰਥੀ ਵੰਦਨਾ ਸਿੰਘ, ਅਰਚਨਾ ਸਿੰਘ, ਕ੍ਰਿਤੀ ਵਰਮਾ, ਕ੍ਰਿਤਿਕਾ ਵਰਮਾ, ਨਵਦੀਪ ਕੌਰ, ਪ੍ਰਾਚੀ ਮਿੱਤਲ, ਅਕਾਸਦੀਪ ਸਿੰਘ, ਸਾਹਿਲ ਵੋਹਰਾ, ਕਨੁਪ੍ਰਿਆ, ਦਿਵਿਆ, ਸ਼ਿਵਮ ਸਰਮਾ, ਸੰਟੀ ਬਸਰਾ, ਜਨਕ, ਵਿਕਾਸ ਕੁਮਾਰ, ਨੰਦ ਕਿਸੋਰ, ਸ਼ਿਵਮ ਗੁਪਤਾ, ਮਹਿਕਪ੍ਰੀਤ ਸਿੰਘ, ਰਿਸਭ ਬਹਿਲ, ਦਿਵਯਾਂਸ਼ੂ, ਕਾਜਲ, ਜਸਕਿਰਨ ਕੌਰ, ਦਿਵਿਆ, ਆਰੁਸ਼ ਕੁਮਾਰ, ਸਾਵਨ ਕੁਮਾਰ, ਚਿਰਾਗ ਚੋਪੜਾ, ਯੋਗਿਤਾ ਸ਼ਰਮਾ, ਡਿੰਪਲ, ਸੰਕੇਤ ਸਰੀਨ, ਵਿਵੇਕ ਸਿੰਘ, ਵਿਸ਼ਨੂੰ, ਹਰਵੀਰ ਸਿੰਘ, ਵੰਸ ਤਲਵਾਰ, ਅਵਨੀਤ ਕੌਰ, ਅਵਨੀਤ ਕੌਰ, ਸੁਬੋਧ ਕੁਮਾਰ, ਇਸਿਕਾ, ਗਗਨਦੀਪ ਸਿੰਘ, ਜਸਿਕਾ ਰਾਣੀ, ਗੌਰੀ ਰਾਣਾ, ਨਵਦੀਪ ਚੌਧਰੀ, ਰਾਘਵ, ਮਹਾਵੀਰ ਸਿੰਘ, ਅਵੰਤਿਕ ਅਵਸਥੀ, ਹਿਰਦਯਾਂਸ ਡਾਵਰ, ਹਰਮਨਦੀਪ ਸਿੰਘ, ਅਮਨਪ੍ਰੀਤ ਕੌਰ, ਤਮੰਨਾ, ਹਰਮਨਦੀਪ ਸਿੰਘ, ਰਾਮ ਕ੍ਰਿਸਨ ਯਾਦਵ ਅਤੇ ਬਲਰਾਜ ਸਿੰਘ ਆਦਿ ਨੂੰ ਉਨ੍ਹਾਂ ਦੇ ਵਧੀਆ ਅਕੈਡਮਿਕ ਨਤੀਜਿਆਂ, ਪੜ੍ਹਾਈ ਪ੍ਰਤੀ ਲਗਨ ਤੇ ਕਮਜ਼ੋਰ ਆਰਥਿਕ ਸਥਿਤੀ ਨੂੰ ਦੇਖਦੇ ਹੋਏ ਵਜ਼ੀਫੇ ਦੇ ਚੈੱਕ ਦਿੱਤੇ ਗਏ ਹਨ। ਲਾਅ ਕਾਲਜ ਦੇ ਡਾਇਰੈਕਟਰ ਡਾ. ਸੁਭਾਸ਼ ਸ਼ਰਮਾ ਨੇ ਵਿਦਿਆਰਥੀਆਂ ਨੂੰ ਚੌੱਕ ਸੌਂਪਦੇ ਹੋਏ ਉਨ੍ਹਾਂ ਨੂੰ ਹੋਰ ਵੀ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਵਿਦਿਆਰਥੀਆਂ ਨੇ ਵੀ ਆਪਣੀ ਖ਼ੁਸ਼ੀ ਦਾ ਇਜ਼ਹਾਰ ਕਰਦੇ ਹੋਏ ਸੇਂਟ ਸੋਲਜਰ ਮੈਨੇਜਮੈਂਟ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਉਹ ਚੰਗੇ ਅੰਕ ਪ੍ਰਾਪਤ ਕਰਕੇ ਸੰਸਥਾ ਅਤੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕਰਨਗੇ। ਚੇਅਰਮੈਨ ਚੋਪੜਾ ਨੇ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਸੇਂਟ ਸੋਲਜਰ ਹਰ ਉਸ ਵਿਦਿਆਰਥੀ ਦੇ ਨਾਲ ਹੈ ਜੋ ਪੜ੍ਹ ਲਿਖ ਕੁਝ ਬਣਨਾ ਚਾਹੁੰਦਾ ਹੈ।

ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਸਾਲਾਨਾ ਨਤੀਜਾ ਸ਼ਾਨਦਾਰ ਰਿਹਾ

ਕਪੂਰਥਲਾ, (ਹਨੀ)-ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸਲਾਨਾ ਨਤੀਜਾ ਸ਼ਾਨਦਾਰ ਰਿਹਾ । ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਦੱਸਿਆ ਕਿ ਵੱਖ ਵੱਖ ਜਮਾਤਾਂ ਦਾ ਸਾਲਾਨਾ ਨਤੀਜਾ ਬਹੁਤ ਹੀ ਸ

30-March-PAGE-9.qxd 3/29/2024 9:36 PM Page 1

ਪੰਚਾਇਤੀ ਰਾਜ ਦੇ ਸਿਸਟਮ 'ਚ ਭ੍ਰਿਸ਼ਟਾਚਾਰ ਦਾ ਰੱਬ ਹੀ ਰਾਖਾ-ਧੀਮਾਨ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਮਨਰੇਗਾ ਐਕਟ 2005 ਵਿਚ ਆਪਣੇ ਆਪ ਵਿਚ ਇਕ ਕਾਨੂੰਨ ਹੈ,ਪਰ ਪੰਚਾਇਤੀ ਰਾਜ ਦੇ ਸਿਸਟਮ ਵਿਚ ਜਿੰਨੀਆਂ ਗੜਬੜੀਆਂ ਤੇ ਭ੍ਰਿਸ਼ਟਾਚਾਰ ਹੈ ਉਸ ਦਾ ਰੱਬ ਹੀ ਰਾਖਾ ਹੈ।ਪੰਚਾਇਤੀ ਰਾਜ ਵਿਚ ਅਯੋਗ ਵਿਅਕਤੀਆਂ ਨੂੰ ਰਾਜਨੀਤੀ ਦੇ ਅਧਾਰ 'ਤੇ ਤਰੱਕੀਆਂ ਨੇ ਵਿਭਾਗ ਅੰਦਰ ਗੈਰ ਸੰਵਿਧਾਨਕ ਕੰਮਾਂ ਨੂੰ ਐਨਾ ਉਤਸ਼ਾਹਿਤ ਕਰ ਦਿੱਤਾ ਹੈ ਕਿ ਹਰ ਇਨਸਾਫ ਬੇਇਨਸਾਫੀ ਵਿਚ ਬਦਲ ਗਿਆ ਹੈ।ਮਨਰੇਗਾ ਲੇਬਰ ਮੂਵਮੈਂਟ ਵਲੋਂ ਪੰਜਾਬ ਸਰਕਾਰ ਦੀਆਂ ਗੱਪਾਂ ਅਤੇ ਇਨਸਾਫ ਨੂੰ ਕੁਚਨਣ ਨੂੰ ਲੈ ਕੇ ਪ੍ਰਧਾਨ ਜੈ ਗੋਪਾਲ ਧੀਮਾਨ, ਬਲਾਕ 1 ਦੀ ਪ੍ਰਧਾਨ ਗੁਰਬਖਸ਼ ਕੌਰ ਮੇਟ ਦੀ ਅਗਵਾਈ ਵਿਚ ਮੁਜਾਹਰਾ ਕੀਤਾ ਤੇ ਕਿਹਾ ਕਿ ਬਲਾਕ 1 ਦੇ ਬਲਾਕ ਵਿਕਾਸ ਅਫਸਰ ਅਤੇ ਭ੍ਰਿਸ਼ਟਾਚਾਰ ਨਾਲ ਲੱਥ ਪਥੱ ਹੋਏ ਗ੍ਰਾਮ ਰੁਜਗਾਰ ਸੇਵਕ ਜਾਣਬੁਝ ਕੇ ਮੇਟਾਂ ਨਾਲ ਭੇਦਭਾਗ ਕਰਕੇ ਮਗਨਰੇਗਾ ਐਕਟ ਅਨੁਸਾਰ ਕੰਮ ਕਰਨ ਦੀ ਥਾਂ ਨਿਯਮਾਂ ਨੂੰ ਤਾਕ ਉਤੇ ਰੱਖ ਕੇ ਗੈਰ ਸੰਵਿਧਾਨਕ ਤੌਰ 'ਤੇ ਕੰਮਾਂ ਨੂੰ ਉਤਸ਼ਾਹ ਕਰ ਰਹੇ ਹਨ ਤੇ ਉਚ ਅਧਿਕਾਰੀਆਂ ਨੂੰ ਵੀ ਗੁਮਰਾਹ ਕਰ ਰਹੇ ਹਨ।ਮਨਰੇਗਾ ਲੇਬਰ ਮੂਵਮੈਂਟ ਦੇ ਪ੍ਰਧਾਨ ਨੇ ਕਿਹਾ ਕਿ ਪੰਜਾਬ ਸਰਕਾਰ ਬਲਾਕਾਂ ਵਿਚ ਪਾਰਦਰਸ਼ਤਾ ਪੈਦਾ ਕਰਨ ਵਿਚ ਬੁਰੀ ਤਰ੍ਹਾਂ ਫੇਲ੍ਹ ਸਿੱਧ ਹੋਈ ਹੈ।ਮਗਨਰੇਗਾ ਦੇ ਕੰਮਾਂ ਵਿਚ ਪੂਰੀ ਤਰ੍ਹਾਂ ਰਾਜਨੀਤਕ ਦਖਲ ਅੰਦਾਜੀ ਬਣਾ ਕੇ ਰੱਖੀ ਹੋਈ ਹੈ।ਮੇਟ ਰਾਕੇਸ਼ ਬਾਲਾ ਤਲਵੰਡੀ ਅਰਾਈਆਂ,ਮੇਟ ਗੁਰਬਖਸ਼ ਕੌਰ ਖਾਨਪੁਰ ਸਹੋਤਾ,ਕਮਲਜੀਤ ਕੌਰ ਡਡਿਆਣਾ ਖੁਰਦ, ਸਤਨਾਮ ਕੌਰ ਧਾਮੀਆਂ ਕਲਾਂ,ਸੁਦੇਸ਼ ਕੁਮਾਰੀ ਸ਼ੇਰਪੁਰ ਬਾਤੀਆਂ, ਬਲਵਿੰਦਰ ਕੌਰ ਫਤੋਵਾਲ, ਪਰਵਿੰਦਰ ਸਿੰਘ ਰੇਧਾਵਾ ਬਰੋਟਾ, ਵਾਸ ਦੇਵ ਬਡਾਲਾ ਪੁਖਤਾ,ਸੁਰਿੰਦਰ ਕੌਰ ਸਤੌਰ ਆਦਿ ਵਲੋਂ ਆਡਰਾਂ ਦੀਆਂ ਕਾਪੀਆਂ ਵੀ ਬੀਡੀਪੀਓ ਬਲਾਕ 1,ਪ੍ਰਬੰਧਕਾਂ ,ਜੀਆਰਐਸ ਨੂੰ ਭੇਜੀਆਂ ਗਈਆਂ ਹਨ।ਉਨ੍ਹਾਂ ਦਸਿਆ ਕਿ ਲੋਕਪਾਲ ਨੇ ਹੁਣ ਦੁਬਾਰਾ ਫਿਰ ਆਰਡਰ ਨਾ ਲਾਗੂ ਕਰਨ ਕਰਕੇ ਫਿਰ ਹੋਰ 1000 ਰੁਪਏ ਜੁਰਮਾਨਾ ਕਰਨ ਦਾ ਤਜਵੀਜ ਪਤੱਰ ਵੀ ਭੇਜਿਆ ਹੈ।ਧੀਮਾਨ ਨੇ ਦਸਿਆ ਕਿ ਇਨ੍ਹਾਂ ਮੇਟਾਂ ਉਤੇ ਕੋਈ ਦੋਸ਼ ਨਹੀਂ ਸੀ ਤੇ ਇਹ ਇਮਾਨਦਾਰੀ ਨਾਲ ਕੰਮ ਕਰ ਰਹੇ ਸੀ ਤੇ ਇਨ੍ਹਾਂ ਨੂੰ ਵੀ ਭ੍ਰਿਸ਼ਟਾਚਾਰ ਵਿਚ ਸ਼ਾਮਿਲ ਨਾ ਹੋਣ ਕਰਕੇ ਬਲੀ ਦਾ ਬਕਰਾ ਬਣਾਇਆ ਗਿਆ।ਧੀਮਾਨ ਨੇ ਦੱਸਿਆ ਕਿ ਭ੍ਰਿਸ਼ਟ ਨਿਗਰਾਨ ਅਧਿਕਾਰੀਆਂ ਅਤੇ ਕਾਮਿਆਂ ਦੀ ਸਹਿਮਤੀ ਅਤੇ ਪੰਜਾਬ ਸਰਕਾਰ ਦੇ ਅਸ਼ੀਰਵਾਦ ਨਾਲ ਮਨਰੇਗਾ ਨੂੰ ਭ੍ਰਿਸ਼ਟਾਚਾਰ ਦਾ ਜਾਮਾ ਪਹਿਨਾਇਆ ਜਾਂਦਾ ਹੈ।ਅਸਲ ਵਿਚ ਪੰਚਾਇਤੀ ਵਿਭਾਗ ਪੂਰੀ ਤਰ੍ਹਾਂ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਫਸਿਆ ਹੋਇਆ ਹੈ।ਪਰ ਇਨ੍ਹਾਂ ਦਾ ਖਮਿਆਜਾ ਗਰੀਬ ਮਨਰੇਗਾ ਵਰਕਰਾਂ ਅਤੇ ਮੇਟਾਂ ਨੂੰ ਭੁਗਤਣਾ ਪੈਂਦਾ ਹੈ। ਹੈ।ਇਸ ਮੌਕੇ ਮੇਟ ਪਰਵਿੰਦਰ ਸਿੰਘ,ਬਲਰਾਜ ਕੁਮਾਰ, ਵਾਸਦੇਵ, ਕਮਲਜੀਤ ਕੌਰ ਡਡਿਆਣਾ,ਬਲਵਿੰਦਰ ਕੌਰ,ਸੁਰਿੰਦਰ ਕੌਰ, ਸਤਨਾਮ ਕੌਰ,ਗੁਰਬਚਨ ਸਿੰਘ ਅਤੇ ਕੁਲਵਿੰਦਰ ਸਿੰਘ ਆਦਿ ਹਾਜਰ ਸਨ।

ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕੰਟਰੋਲ ਰੂਮ ਸਥਾਪਤ

ਬੰਗਾ (ਅਵਤਾਰ ਕਲੇਰ)— ਜੂਨ ਨੂੰ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇ ਨਜ਼ਰ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੇ ਅਨੁਸਾਰ ਉਪ ਮੰਡਲ ਮੈਜਿਸਟਰੇਟ ਦਫਤਰ ਬੰਗਾ ਵਿਖੇ ਚੋਣਾਂ ਨਾਲ ਸੰਬੰਧਿਤ ਕੰਟਰੋਲ ਰੂਮ ਦੀ ਸਥਾਪਨਾ ਐਸ ਡੀ ਐਮ ਵਿਕਰਮਜੀਤ ਸਿੰਘ ਸਿੰਘ ਪੰਥੇ ਹਰਮਿੰਦਰ ਸਿੰਘ ਤਹਿਸੀਲਦਾਰ ਏ ਆਰ ਓ 1 ਅਤੇ ਮਨੀ ਮਹਾਜਨ ਏ ਆਰ ਓ 2 ਦੀ ਅਗਵਾਈ ਅਤੇ ਰਹਿਨੁਮਾਈ ਹੇਠ ਕੀਤੀ ਗਈ। ਸੁਪਰਡੈਂਟ ਬਲਦੇਵ ਸਿੰਘ ਸੈਣੀ , ਚੋਣ ਨੋਡਲ ਅਫਸਰ ਡਾਕਟਰ ਸੁਰਿੰਦਰ ਕੁਮਾਰ ,ਅਮਨਦੀਪ ਸਿੰਘ ਚੋਣ ਇਨਚਾਰਜ, ਸਚਿਨ ਸ਼ਰਮਾ ਅਤੇ ਰਾਜਕੁਮਾਰ ਕੰਪਿਊਟਰ ਸੈੱਲ ਇੰਚਾਰਜ ਨੇ ਦੱਸਿਆ ਕਿ ਕੰਟਰੋਲ ਰੂਮ ਵਿਖੇ ਚੋਣਾਂ ਨਾਲ ਸਬੰਧਿਤ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਵਾਸਤੇ ਸੀ ਵਿਜਲ ਸੈਲ ਵੀ ਬਣਾਇਆ ਗਿਆ ਹੈ ਜਿਸ ਵਿੱਚ 1950 ਨੰਬਰ 'ਤੇ ਚੋਣ ਜਾਬਤੇ ਦੀ ਉਲੰਘਣਾ ਸਬੰਧੀ ਸ਼ਿਕਾਇਤ ਕੀਤੀ ਜਾ ਸਕਦੀ ਹੈ ਅਤੇ ਉਸ ਸ਼ਿਕਾਇਤ ਦਾ ਨਿਪਟਾਰਾ ਤੁਰੰਤ ਕੀਤਾ ਜਾਂਦਾ ਹੈ। ਬਲਾਕ ਨੋਡਲ ਅਫਸਰ ਡਾਕਟਰ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਕੰਟਰੋਲ ਰੂਮ ਵਿਖੇ ਆਈ ਟੀ ਸੈਲ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ ਕਿਉਂਕਿ ਚੋਣਾਂ ਨਾਲ ਸੰਬੰਧਿਤ ਵੱਖ-ਵੱਖ ਰਿਪੋਰਟਾਂ ਨੂੰ ਤੁਰੰਤ ਉੱਚ ਅਧਿਕਾਰੀਆਂ ਤੱਕ ਪੁੱਜਦਾ ਕਰਨ ਦੀ ਜਿੰਮੇਵਾਰੀ ਇਸ ਆਈ ਟੀ ਸੈਲ ਦੀ ਹੈ। ਚੋਣ ਇੰਚਾਰਜ ਅਮਨਦੀਪ ਸਿੰਘ ਅਤੇ ਰਾਮਜੀਤ ਸਿੰਘ ਨੇ ਦੱਸਿਆ ਕਿ ਚੋਣ ਨਾਲ ਸੰਬੰਧਿਤ ਵੱਖ ਵੱਖ ਟੀਮਾਂ ਵੱਲੋਂ ਆਪਣਾ ਕੰਮ ਬਾਖੂਬੀ ਤਰੀਕੇ ਨਾਲ ਨਿਭਾਇਆ ਜਾ ਰਿਹਾ ਹੈ ।ਉਹਨਾਂ ਦੱਸਿਆ ਕਿ ਇਹਨਾਂ ਕੰਮਾਂ ਨੂੰ ਕਰਨ ਲਈ ਅਕਾਊਂਟਿੰਗ ਟੀਮ, ਖਰਚਾ ਸੈੱਲ, ਵੀ ਵੀ ਟੀ, ਐਫ ਐਸ ਟੀ, ਐਸ ਐਸ ਟੀ ਟੀਮ ਦਾ ਵੀ ਗਠਨ ਕੀਤਾ ਜਾ ਚੁੱਕਾ ਹੈ ਅਤੇ ਇਹ ਸਾਰੀਆਂ ਟੀਮਾਂ ਆਪਣਾ ਕੰਮ ਬਾਖੂਬੀ ਕਰ ਰਹੀਆਂ ਹਨ। ਉਹਨਾਂ ਅੱਗੇ ਦੱਸਿਆ ਕਿ ਫਲੈਗ ਸਕਵਾਇਡ ਦੀਆਂ ਗੱਡੀਆਂ ਤੇ ਚੋਣ ਕਮਿਸ਼ਨ ਵੱਲੋਂ ਪਹਿਲਾਂ ਤੋਂ ਹੀ ਸੀ ਟੀਵੀ ਕੈਮਰੇ ਫਿੱਟ ਕੀਤੇ ਗਏ ਹਨ ਅਤੇ ਇਨਾਂ ਟੀਮਾਂ ਵੱਲੋਂ ਕੀਤੀ ਜਾ ਰਹੀ ਹਰ ਕਾਰਵਾਈ ਨੂੰ ਕੰਟਰੋਲ ਰੂਮ ਵਿੱਚ ਬੈਠ ਕੇ ਦੇਖਿਆ ਜਾ ਸਕਦਾ ਹੈ। ਇਸ ਮੌਕੇ 'ਤੇ ਪ੍ਰਿੰਸੀਪਲ ਸੰਜੀਵ ਕੁਮਾਰ, ਦਲਜੀਤ ਸਿੰਘ ਸੀਨੀਅਰ ਸਹਾਇਕ ,ਅਵਤਾਰ ਸਿੰਘ ਡੀ ਪੀ, ਪ੍ਰੇਮ ਪਾਲ ਸਿੰਘ ਬਨਵੈਤ, ਰਵੀ ਸਭਰਵਾਲ, ਸੰਦੀਪ ਸਿੰਘ, ਮੈਡਮ ਮਮਤਾ, ਮੈਡਮ ਸ਼ਬੀਨਾ ਲਖਵਿੰਦਰ ਸਿੰਘ ,ਗੁਰਵਿੰਦਰ ਸਿੰਘ, ਸ਼ੁਭਮ ਮਹੇ ,ਰੁਪਿੰਦਰ ਸਿੰਘ ਏ ਈ ਓ, ਸਤਬੀਰ ਵਿਰਦੀ ,ਰਣਵੀਰ ਕੁਮਾਰ ਦਿਵੀਆਂਸ਼ੂ ,ਅੰਮ੍ਰਿਤ ਪਾਲ ਸਿੰਘ, ਗੁਰਮੁਖ ਸਿੰਘ, ਅਮਰਜੀਤ ਸਿੰਘ, ਸੰਜੀਵ ਕੁਮਾਰ ਸੇਠੀ, ਜਤਿੰਦਰ ਸ਼ਰਮਾ ਅਤੇ ਮਨਜੀਤ ਸਿੰਘ ਵੀ ਹਾਜ਼ਰ ਸਨ।

ਜ਼ਿਲ੍ਹਾ ਪ੍ਰਸ਼ਾਸਨ ਲੋਕ ਸਭਾ ਚੋਣਾਂ ਨੂੰ ਨਿਰਪੱਖ ਤੇ ਸ਼ਾਂਤਮਈ ਢੰਗ ਨਾਲ ਕਰਵਾਉਣ ਲਈ ਵਚਨਬੱਧ-ਜ਼ਿਲ੍ਹਾ ਚੋਣ ਅਫ਼ਸਰ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਲੋਕ ਸਭਾ ਚੋਣਾਂ - 2024 ਦੌਰਾਨ ਲੋਕਾਂ ਅੰਦਰ ਸੁਰੱਖਿਆ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਦੇ ਮੰਤਵ ਤਹਿਤ ਵਿਧਾਨ ਸਭਾ ਹਲਕਾ ਕਰਤਾਰਪੁਰ ਵਿਖੇ ਅਤੇ ਜਲੰਧਰ ਮਾਡਲ ਟਾਊਨ ਵਿਖੇ ਸਹਾਇਕ ਰਿਟਰਨਿੰਗ ਅਫ਼ਸਰਾਂ ਵਲੋਂ ਸੁਰੱਖਿਆ ਬਲਾਂ ਦੇ ਨਾਲ ਫਲੈਗ ਮਾਰਚ ਕੱਢਿਆ ਗਿਆ। ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸਨਰ ਡਾ.ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਨੂੰ ਨਿਰਪੱਖ ਤੇ ਸ਼ਾਂਤਮਈ ਢੰਗ ਨਾਲ ਕਰਵਾਉਣ ਲਈ ਪ੍ਰਸ਼ਾਸਨ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਹੈ। ਉਨ੍ਹਾਂ ਦੱਸਿਆ ਕਿ ਲੋਕਾਂ ਅੰਦਰ ਚੋਣਾਂ ਦੌਰਾਨ ਸੁਰੱਖਿਆ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਵਲੋਂ ਪੁਲਸ ਬਲਾਂ ਸਮੇਤ ਵੱਖ-ਵੱਖ ਖੇਤਰਾਂ ਵਿੱਚ ਫਲੈਗ ਮਾਰਚ ਕੱਢੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਜ਼ਿਲ੍ਹਾ ਜਲੰਧਰ ਦੇ ਸਮੂਹ ਵਿਧਾਨ ਸਭਾ ਹਲਕਿਆਂ ਵਿੱਚ ਪ੍ਰਸ਼ਾਸਨ ਵਲੋਂ ਸੁਰੱਖਿਆ ਬਲਾਂ ਨਾਲ ਮਿਲ ਕੇ ਫਲੈਗ ਮਾਰਚ ਕੱਢੇ ਜਾਣਗੇ। ਉਨ੍ਹਾਂ ਦੱਸਿਆ ਕਿ ਕਿਸੇ ਵੀ ਸਮਾਜ ਵਿਰੋਧੀ ਅਨਸਰਾਂ ਨੂੰ ਜ਼ਿਲ੍ਹੇ ਅੰਦਰ ਸ਼ਾਂਤੀ ਭੰਗ ਕਰਨ ਦੀ ਇਜ਼ਾਜਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਜ਼ਿਲ੍ਹੇ ਦੇ ਸੂਝਵਾਨ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ 'ਤੇ ਯਕੀਨ ਨਾ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਕੋਈ ਵਿਅਕਤੀ ਅਫਵਾਹਾਂ ਫੈਲਾ ਕੇ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੀ ਜਾਣਕਾਰੀ ਤੁਰੰਤ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਸ ਵਿਭਾਗ ਨੂੰ ਦਿੱਤੀ ਜਾਵੇ ਤਾਂ ਜੋ ਸ਼ਰਾਰਤੀ ਅਨਸਰਾਂ ਨੂੰ ਨਕੇਲ ਪਾਈ ਜਾ ਸਕੇ। ਸਹਾਇਕ ਰਿਟਰਨਿੰਗ ਅਫ਼ਸਰ ਬਲਬੀਰ ਰਾਜ ਅਤੇ ਸਹਾਇਕ ਰਿਟਰਨਿੰਗ ਅਫ਼ਸਰ ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਲੋਕ ਸਭਾ ਚੋਣਾਂ ਦੌਰਾਨ ਹਰੇਕ ਗਤੀਵਿਧੀ 'ਤੇ ਬਾਰੀਕੀ ਨਾਲ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਲੋਕ ਸਭਾ ਚੋਣਾਂ ਦੌਰਾਨ ਅਮਨ-ਸ਼ਾਂਤੀ ਬਣਾਈ ਰੱਖਣ ਵਿੱਚ ਆਪਣਾ ਵੱਡਮੁੱਲਾ ਸਹਿਯੋਗ ਦੇਣ। ਇਸ ਮੌਕੇ ਉਨਾਂ ਨਾਲ ਵੱਖ-ਵੱਖ ਸੈਕਟਰ ਅਫ਼ਸਰ ਵੀ ਮੌਜੂਦ ਸਨ।

ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰੋ ਅਤੇ ਹਾਦਸਿਆਂ ਤੋਂ ਬਚੋ - ਅਰੋੜਾ

ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ)—ਪੰਜਾਬ ਰੋਡ ਸੇਫਟੀ ਐਡਵਾਈਜ਼ਰੀ ਕਮੇਟੀ ਦੇ ਮੈਂਬਰ ਅਤੇ ਜ਼ਿਲ੍ਹਾ ਚੇਅਰਮੈਨ ਲਾਇਨ ਕਲੱਬ ਵਿਸ਼ਵਾਸ ਹੁਸ਼ਿਆਰਪੁਰ ਵਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਟ੍ਰੈਫਿਕ ਪੁਲਿਸ ਇੰਚਾਰਜ ਸੁਰਿੰਦਰ ਪਾਲ ਸਿੰਘ ਨੂੰ 20 ਰੇਡੀਅਮ ਫਲੈਕਸ ਬੋਰਡ ਭੇਟ ਕੀਤੇ ਗਏ, ਜੋ ਸ਼ਹਿਰ ਦੇ ਵੱਖ-ਵੱਖ ਚੌਕਾਂ 'ਤੇ ਲਗਾਏ ਗਏ ਹਨ। ਇਸ ਦੇ ਨਾਲ ਹੀ ਰੇਡੀਅਮ ਰਿਫਲੈਕਟਰ ਟੇਪ ਲਗਾਉਣ ਦੀ ਮੁਹਿੰਮ ਵੀ ਸ਼ੁਰੂ ਕੀਤੀ ਗਈ ਜਿਸ ਦੀ ਸ਼ੁਰੂਆਤ ਨੰਗਲ ਸ਼ਹੀਦਾਂ ਟੋਲ ਪਲਾਜ਼ਾ, ਲਾਚੋਵਾਲ ਟੋਲ ਪਲਾਜ਼ਾ, ਮਾਨਗੜ੍ਹ ਅਤੇ ਜ਼ਿਲ੍ਹਾ ਜੇਲ੍ਹ ਚੌਕ ਹੁਸ਼ਿਆਰਪੁਰ ਤੋਂ ਕੀਤੀ ਗਈ, ਜੋ ਰਾਤ ਨੂੰ 500 ਮੀਟਰ ਦੀ ਦੂਰੀ ਤੋਂ ਵਾਹਨ ਚਾਲਕਾਂ ਨੂੰ ਦਿਖਾਈ ਦੇਵੇਗੀ ਅਤੇ ਇਸ ਨਾਲ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇਗਾ। ਇਸ ਮੌਕੇ ਕਲੱਬ ਦੇ ਸੀਨੀਅਰ ਮੈਂਬਰ ਪੀ.ਆਰ.ਓ. ਉੱਘੇ ਸਮਾਜ ਸੇਵੀ ਸੰਜੀਵ ਅਰੋੜਾ ਨੇ ਵਿਜੇ ਅਰੋੜਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਰੋੜਾ ਲੰਬੇ ਸਮੇਂ ਤੋਂ ਟ੍ਰੈਫਿਕ ਪੁਲਸ ਨਾਲ ਮਿਲ ਕੇ ਕੰਮ ਕਰ ਰਹੇ ਹਨ ਅਤੇ ਸਰਦੀਆਂ ਦੇ ਮੌਸਮ ਦੌਰਾਨ ਜਦੋਂ ਧੁੰਦ ਕਾਰਨ ਹਾਦਸਿਆਂ ਦੀ ਸੰਭਾਵਨਾ ਹਮੇਸ਼ਾ ਬਣੀ ਰਹਿੰਦੀ ਹੈ ਤਾਂ ਅਰੋੜਾ ਹਾਦਸਿਆਂ ਵਾਲੇ ਸੰਭਾਵਿਤ ਖੇਤਰਾਂ ਅਤੇ ਗੱਡੀਆਂ ਵਿੱਚ ਰਿਫਲੈਕਟਰ ਲਗਾਉਣ ਵਿੱਚ ਵਿਸ਼ੇਸ਼ ਯੋਗਦਾਨ ਪਾਉਣਦੇ ਰਹਿੰਦੇ ਹਨ। ਇਸ ਮੌਕੇ ਰਿਜਨਲ ਟਰਾਂਸਪੋਰਟ ਅਫਸਰ ਰਵਿੰਦਰ ਸਿੰਘ ਗਿੱਲ ਅਤੇ ਟ੍ਰੈਫਿਕ ਪੁਲਿਸ ਦੇ ਉੱਚ ਅਧਿਕਾਰੀਆਂ ਨੇ ਵਿਜੇ ਅਰੋੜਾ ਦੀ ਸ਼ਲਾਘਾ ਕੀਤੀ ਅਤੇ ਟੋਲ ਪਲਾਜ਼ਿਆਂ 'ਤੇ ਜੋ ਰੇਟਰੋ ਰਿਫਲੈਕਟਰ ਟੇਪ ਲਗਾਈ ਹੈ ਉਹ ਇਕ ਚੰਗਾ ਯੋਗਦਾਨ ਹੈ। ਇਸ ਮੌਕੇ ਲਾਇਨ ਕਲੱਬ ਬਿਸ਼ਵਾਸ ਦੇ ਪ੍ਰਧਾਨ ਲਾਇਨ ਰੋਹਿਤ ਅਗਰਵਾਲ, ਸਕੱਤਰ ਉਮੇਸ਼ ਰਾਣਾ, ਸੰਜੀਵ ਅਰੋੜਾ, ਕੁਮਾਰ ਗੌਰਵ, ਗੌਰਵ ਖੱਟਰ, ਹਰਜੀਤ ਭਾਟੀਆ ਅਤੇ ਟ੍ਰੈਫਿਕ ਇੰਚਾਰਜ ਸੁਰਿੰਦਰ ਪਾਲ ਸਿੰਘ ਅਤੇ ਉਨ੍ਹਾਂ ਦੀ ਟੀਮ ਹਾਜ਼ਰ ਸੀ।

ਜੈਵਿਕ ਖੇਤੀ ਜਾਗਰੂਕਤਾ ਤੇ ਸਿਖਲਾਈ ਕੈਂਪ ਪਹਿਲੀ ਨੂੰ

ਫਿਲੌਰ, (ਨਿਰਮਲ) ਨਜ਼ਦੀਕੀ ਪਿੰਡ ਰਸੂਲਪੁਰ ਵਿਖੇ ਜੈਵਿਕ ਖੇਤੀ ਜਾਗਰੂਕਤਾ ਅਤੇ ਸਿਖਲਾਈ ਕੈਂਪ 1 ਅਪ੍ਰੈਲ ਨੂੰ ਲਗਾਇਆ ਜਾ ਰਿਹਾ ਹੈ। ਕਿਸਾਨ ਬਲਵੀਰ ਸਿੰਘ ਰਸੂਲਪੁਰ ਨੇ ਦੱਸਿਆ ਕਿ ਪੰਜਾਬ ਐਗਰੋ ਦੇ ਅਦਾਰੇ ਐਗਰੋ ਐਕਸਪੋਰਟ ਵੱਲੋਂ ਜੈਵਿਕ ਖੇਤੀ ਜਾਗਰੂਕਤਾ ਅਤੇ ਸਿਖਲਾਈ ਕੈਂਪ ਪਿੰਡ ਰਸੂਲਪੁਰ ਵਿਖੇ ਲਗਾਇਆ ਜਾ ਰਿਹਾ ਹੈ। ਜਿਸ ਦੌਰਾਨ ਮੂੱਖ ਬੁਲਾਰੇ ਪੀ ਏ ਯੂ ਕਿਸਾਨ ਕਲੱਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਗਰੇਵਾਲ ਕਿਸਾਨਾਂ ਨੂੰ ਜੈਵਿਕ ਖੇਤੀ ਸਬੰਧੀ ਵਿਸਥਾਰ ਨਾਲ ਜਾਣਕਾਰੀ ਦੇਣਗੇ। ਇਸ ਕੈਂਪ ਸਬੰਧੀ ਜਾਣਕਾਰੀ ਲਈ ਹਰੀਸ਼ ਕੁਮਾਰ ਕਾਰਜਕਾਰਨੀ ਅਫਸਰ ਅਤੇ ਜ਼ਿਲ੍ਹਾ ਸੁਪਰਵਾਈਜ਼ਰ ਸਤਵਿੰਦਰ ਸਿੰਘ ਪੈਲੀ ਨਾਲ ਸੰਪਰਕ ਕੀਤਾ ਜਾਵੇ।

ਬਾਈਪਾਸ 'ਤੇ ਕਾਰ ਡਿਵਾਈਡਰ ਨਾਲ ਟਕਰਾਈ

ਫਗਵਾੜਾ, - ਇਥੇ ਚੰਡੀਗੜ੍ਹ ਬਾਈਪਾਸ 'ਤੇ ਗੱਡੀ ਦੇ ਡਿਵਾਈਡਰ 'ਚ ਵੱਜਣ ਕਾਰਨ ਕਾਰ ਸਵਾਰ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਮੌਕੇ 'ਤੇ ਪੁਲਸ ਨੇ ਪੁੱਜ ਕੇ ਮੁੱਢਲੀ ਸਹਾਇਤਾ ਦਿੱਤੀ। ਐਸ.ਐਚ.ਓ ਸਦਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਇੱਕ ਰਿਟਜ ਗੱਡੀ 'ਚ ਸਵਾਰ ਪਰਵਾਰ ਜੋ ਅੰਮ੍ਰਿਤਸਰ ਤੋਂ ਆਨੰਦਪੁਰ ਸਾਹਿਬ ਵਿਖੇ ਮੱਥਾ ਟੇਕਣ ਲਈ ਜਾ ਰਿਹਾ ਸੀ ਤਾਂ ਇਥੇ ਅਚਾਨਕ ਗੱਡੀ ਡਿਵਾਈਡਰ ਨਾਲ ਟਕਰਾ ਗਈ। ਹਾਦਸੇ ਦੌਰਾਨ ਗੱਡੀ ਦਾ ਨੁਕਸਾਨ ਹੋਇਆ ਪਰ ਕਾਰ ਸਵਾਰਾਂ ਦੇ ਮਾਮੂਲੀ ਸੱਟਾਂ ਲੱਗੀਆਂ।

ਸ਼ਿੰਗਾਰਾ ਰਾਮ ਸਹੂੰਗੜਾ ਦੀ ਯਾਦ ਨੂੰ ਸਮਰਪਤ ਦੂਸਰਾ ਸੰਮੇਲਨ 2 ਨੂੰ

**ਗੜ੍ਹਸ਼ੰਕ

30-MAR-PAGE-10.qxd 3/29/2024 9:30 PM Page 1

ਲਾਲ ਝੰਡਾ ਪੰਜਾਬ ਭੱਠਾ ਮਜ਼ਦੂਰਾਂ ਤੇ ਮਨਰੇਗਾ ਅਧਿਕਾਰ ਅੰਦੋਲਨ ਵੱਲੋਂ ਮੰਗਾਂ ਨੂੰ ਲੈ ਕੇ ਰੈਲੀ

ਸੰਗਰੂਰ (ਪ੍ਰਵੀਨ ਸਿੰਘ)

ਲਾਲ ਝੰਡਾ ਪੰਜਾਬ ਭੱਠਾ ਮਜ਼ਦੂਰ ਯੂਨੀਅਨ 26/84 ਤੇ ਮਨਰੇਗਾ ਅਧਿਕਾਰ ਅੰਦੋਲਨ ਵੱਲੋਂ ਕਿਰਤੀਆਂ ਦੀਆਂ ਭੱਖਵੀਆਂ ਮੰਗਾਂ ਨੂੰ ਲੈ ਕੇ ਇੱਕ ਵਿਸ਼ਾਲ ਰੈਲੀ ਬਨਾਸਰ ਬਾਗ਼ ਸੰਗਰੂਰ ਵਿਖੇ ਕੀਤੀ ਗਈ, ਜਿਸ ਵਿੱਚ ਵੱਖ ਵੱਖ ਜ਼ਿਲ੍ਹਿਆਂ ਵਿੱਚ ਭੱਠਾ ਮਜ਼ਦੂਰ ਤੇ ਮਨਰੇਗਾ ਮਜ਼ਦੂਰ ਹਜ਼ਾਰਾਂ ਦੀ ਗਿਣਤੀ ਵਿੱਚ ਹਾਜ਼ਰ ਹੋਏ।ਇਹ ਵਿਸ਼ਾਲ ਰੈਲੀ ਭੱਠਾ ਮਜ਼ਦੂਰਾਂ ਦੇ ਮਾਰਚ 2024 ਦੀਆਂ ਘੱਟੋ ਘੱਟ ਉਜ਼ਰਤਾਂ ਮਹਿੰਗਾਈ ਅੰਕੜੇ ਮਤਾਬਕ ਫੌਰੀ ਜਾਰੀ ਕਰਵਾਉਣ ਲਈ, ਮਸ਼ੀਨੀ ਮਾਰੇ ਦਾ ਰੇਟ ਰੇਟ ਲਿਸਟ ਵਿੱਚ ਦਰਜ ਕਰਵਾਉਣ ਲਈ, ਪਿਛਲੇ 12 ਕੁ ਸਾਲਾਂ ਤੋਂ ਰੁਕੀ ਹੋਈ ਰਿਵੀਜ਼ਨ ਜਾਰੀ ਕਰਵਾਉਣ ਲਈ ਤੇ ਮਨਰੇਗਾ ਮਜ਼ਦੂਰਾਂ ਦੀਆਂ ਰੁਕੀਆਂ ਪੇਮੈਂਟਾਂ ਫੌਰੀ ਜਾਰੀ ਕਰਵਾਉਣ ਲਈ, ਮਜ਼ਦੂਰਾਂ ਨੂੰ 15 ਹਜ਼ਾਰ ਮਹੀਨਾ, ਮੋਬਾਈਲ ਤੇ ਵ੍ਹੀਕਲ ਖਰਚ ਦਿੱਤੇ ਜਾਣ, ਮਨੇਰਗਾ ਮਜ਼ਦੂਰਾਂ ਦੇ ਕੰਮ ਦੇ ਦਿਨ 250 ਦਿਨ ਕਰਵਾਉਣ ਤੇ ਹੋਰ ਬੁਨਿਆਦੀ ਮਸਲਿਆਂ ਦੀ ਪੂਰਤੀ ਲਈ ਇਹ ਵਿਸ਼ਾਲ ਰੈਲੀ ਕੀਤੀ ਗਈ।ਇਸ ਸਮੇਂ ਰੈਲੀ ਨੂੰ ਸੰਬੋਧਨ ਕਰਦਿਆਂ ਸਾਬਕਾ ਵਿਧਾਇਕ ਕਾਮਰੇਡ ਤਰਸੇਮ ਯੋਧਾ, ਸਾਬਕਾ ਡੀ ਐੱਸ ਪੀ ਬਲਵਿੰਦਰ ਸਿੰਘ ਸੇਖੋਂ, ਬਾਪੂ ਬਲਕੌਰ ਸਿੰਘ ਤੇ ਐਡਵੋਕੇਟ ਸੁਰਿੰਦਰ ਖੀਵਾ, ਭਠਾ ਮਜ਼ਦੂਰਾਂ ਦੇ ਸੂਬਾਈ ਆਗੂ ਕਾਮਰੇਡ ਚਰਨਜੀਤ ਸਿੰਘ, ਸਤਪਾਲ ਸਿੰਘ ਬਹਿਣੀਵਾਲ ਤੇ ਪ੍ਰਕਾਸ਼, ਮਨਰੇਗਾ ਅਧਿਕਾਰ ਅੰਦੋਲਨ ਦੇ ਸੂਬਾਈ ਆਗੂ ਸਾਥੀ ਚਰਨਜੀਤ ਸਿੰਘ ਹਿਮਾਯੂੰਪੁਰ ਨੇ ਕਿਹਾ ਕਿ ਅੱਜ ਕਾਰਪੋਰੇਟ ਘਰਾਣੇ ਮੁੜ ਤੋਂ ਦੁਨੀਆ ਨੂੰ ਗੁਲਾਮ ਬਣਾਉਣ ਲਈ ਤਰਲੋ ਮੱਛੀ ਹੋ ਰਹੇ ਹਨ, ਜਿਸ ਦੀ ਉਦਾਹਰਨ ਵਜੋਂ ਭਾਰਤ ਦੇ ਹੁਕਮਰਾਨਾਂ ਵੱਲੋਂ ਦੇਸ਼ ਦਾ ਸਭ ਤੋਂ ਵੱਡਾ ਅਦਾਰਾ ਰੇਲਵੇ, ਹਵਾਈ ਜਹਾਜ਼ ਤੇ ਹੋਰ ਕੁਦਰਤੀ ਵਸੀਲਿਆਂ 'ਤੇ ਅੰਬਾਨੀ ਅੰਡਾਨੀ ਦਾ ਕਬਜ਼ਾ ਕਰਵਾ ਕੇ ਭਾਰਤ ਦੇ ਕਰੋੜਾਂ ਲੋਕਾਂ ਨੂੰ ਮੁੜ ਤੋਂ ਗੁਲਾਮੀ ਵੱਲ ਧੱਕ ਰਹੇ ਹਨ।

ਬੁਲਾਰਿਆਂ ਨੇ ਕਿਹਾ ਕਿ ਕਾਰਪੋਰੇਟ ਪੱਖੀ ਨੀਤੀਆਂ ਦਾ ਮੂੰਹ ਤੋੜ ਜਵਾਬ ਦੇਣ ਲਈ ਕਿਰਤੀਆਂ, ਕਿਸਾਨਾਂ, ਛੋਟੇ ਕਾਰੋਬਾਰੀਆਂ, ਮੁਲਾਜ਼ਮਾਂ ਤੇ ਨੌਜਵਾਨਾਂ ਨੂੰ ਵੱਡੇ ਪੱਧਰ 'ਤੇ ਲਾਮਬੰਦ ਹੋ ਕੇ ਮੂੰਹ ਤੋੜ ਜਵਾਬ ਵੱਡੀ ਲਾਮਬੰਦੀ ਰਾਹੀਂ ਦਿੱਤਾ ਜਾਵੇ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਸਿਆਸੀ ਪਾਰਟੀ ਦੇ ਲੀਡਰਾਂ ਨੂੰ ਸਬਕ ਸਿਖਾਉਣ ਲਈ ਇਮਾਨਦਾਰ ਤੇ ਨਿਧੜਕ ਲੀਡਰਾਂ ਨੂੰ ਚੁਣਿਆ ਜਾਵੇ।ਇਸ ਸਮੇਂ ਹੋਰਨਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ ਤੋਲਾਵਾਲ, ਅਮਰਜੀਤ ਸਿੰਘ, ਸਿੰਦਰ ਸਿੰਘ, ਸ਼ੇਰ ਸਿੰਘ ਢੰਡੋਲੀ, ਨਿਰਮਲ ਸਿੰਘ, ਨਛੱਤਰ ਸਿੰਘ, ਪਰਮਿੰਦਰ ਕੁਮਾਰ, ਮਿੰਟੂ ਕੁਮਾਰ, ਸਵਰਨ ਸਿੰਘ, ਮਾਰੂ ਨਸ਼ੇ ਵਿਰੋਧੀ ਫਰੰਟ ਦੇ ਆਗੂ ਐਡਵੋਕੇਟ ਮਨਪ੍ਰੀਤ ਸਿੰਘ ਨਮੋਲ ਨੇ ਵੀ ਸੰਬੋਧਨ ਕੀਤਾ ਅਤੇ ਬੀ ਕੀ ਯੂ ਡਕੌਂਦਾ ਦੇ ਤਰਸੇਮ ਬਲੂਵਾਲ ਨੇ ਮਜ਼ਦੂਰਾਂ ਦੀ ਹਮਾਇਤ ਕੀਤੀ।

ਕਮਾਂਡੈਂਟ ਬਟਾਲੀਅਨ ਹੈੱਡ ਰਣਵੀਰ ਸਿੰਘ ਵੱਲੋਂ ਮਾਲੇਰਕੋਟਲਾ ਦਾ ਦੌਰਾ

ਮਾਲੇਰਕੋਟਲਾ (ਅਸਗਰ ਪਰਿਹਾਰ)-ਜ਼ਿਲ੍ਹਾ ਮਾਲੇਰਕੋਟਲਾ ਵਿਖੇ ਪੰਜ ਕਮਾਂਡੈਂਟ ਬਟਾਲੀਅਨ ਚੀਫ ਸ੍ਰ. ਰਣਵੀਰ ਸਿੰਘ (ਪੀ.ਪੀ.ਐੱਸ.) ਮਾਲੇਰਕੋਟਲਾ ਪਹੁੰਚੇ। ਪੀ.ਸੀ.ਆਰ. ਮੁਲਾਜ਼ਮਾਂ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਜੀ ਆਇਆਂ ਕਿਹਾ। ਇਸ ਉਪਰੰਤ ਉਨ੍ਹਾ ਨੇ ਲਾਅ ਐਂਡ ਆਰਡਰ ਡਿਊਟੀ ਸਬੰਧੀ ਪੰਜ ਕਮਾਂਡੋਂ ਦੇ ਮਾਲੇਰਕੋਟਲਾ ਵਿਖੇ ਤਾਇਨਾਤ ਮੁਲਾਜ਼ਮਾਂ ਨਾਲ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਦੱਸਿਆ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਭਰ ਵਿੱਚ ਜਿੱਥੇ ਲਾਅ ਐਂਡ ਆਰਡਰ ਡਿਊਟੀ ਤਹਿਤ ਪੰਜ ਕਮਾਂਡੋ ਦੀਆਂ ਕੰਪਨੀਆਂ ਤਾਇਨਾਤ ਹਨ, ਦੇ ਮਲਾਜ਼ਮਾਂ ਦੇ ਵੈੱਲਫੇਅਰ ਲਈ ਰੂਟੀਨ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾ ਦੱਸਿਆ ਕਿ ਇਸ ਤੋਂ ਪਹਿਲਾਂ ਉਹ ਫਰੀਦਕੋਟ, ਤਰਨਤਾਰਨ, ਗੋਇੰਦਵਾਲ ਸਾਹਿਬ, ਗੁਰਦਾਸਪੁਰ, ਸੰਗਰੂਰ ਤੇ ਹੁਣ ਮਾਲੇਰਕੋਟਲਾ ਪਹੁੰਚੇ ਹਨ। ਉਨ੍ਹਾ ਕਿਹਾ ਕਿ ਇਸ ਰੂਟੀਨ ਚੈਕਿੰਗ ਦੌਰਾਨ ਸਭ ਕੁਝ ਠੀਕ ਪਾਇਆ ਗਿਆ ਹੈ। ਇਸ ਮੌਕੇ ਉਨ੍ਹਾ ਦੇ ਨਾਲ ਅੰਤਰਰਸ਼ਟਰੀ ਕਬੱਡੀ ਖਿਡਾਰੀ ਲੱਖਾ ਗਾਜੀਪੁਰੀਆ ਉਚੇਚੇ ਤੌਰ 'ਤੇ ਆਏ ਸਨ। ਇਸ ਮੌਕੇ ਸਤਨਾਮ ਸਿੰਘ (ਅੰਤਰਰਾਸ਼ਟਰੀ ਕੱਬਡੀ ਖਿਡਾਰੀ) ਸਬ ਇੰਸਪੈਕਟਰ, ਰੀਡਰ ਏ.ਐੱਸ.ਆਈ. ਸੰਦੀਪ ਸਿੰਘ, ਏ. ਐੱਸ. ਆਈ ਜਸਵੰਤ ਸਿੰਘ, ਏ.ਐੱਸ.ਆਈ. ਸ਼ਾਮ ਸੁੰਦਰ, ਏ.ਐੱਸ.ਆਈ. ਭਾਰਤ ਸਿੰਘ ਤੇ ਸੀ.ਆਈ.ਏ. ਸਟਾਫ ਮਾਹੋਰਾਣਾ ਤੋਂ ਏ.ਐੱਸ.ਆਈ. ਨਰਾਇਣ ਸ਼ਰਮਾ ਤੇ ਏ.ਐੱਸ.ਆਈ. ਰਾਕੇਸ਼ ਕੁਮਾਰ ਤੋਂ ਇਲਾਵਾ ਹੋਰ ਮੁਲਾਜ਼ਮ ਹਾਜ਼ਰ ਸਨ।

ਸੇਵਾ ਮੁਕਤੀ 'ਤੇ ਵਿਸ਼ੇਸ਼

ਸੁਹਿਰਦ ਅਧਿਆਪਕ ਨਰੇਸ਼ ਕੁਮਾਰ ਸ਼ਰਮਾ

ਨਰੇਸ਼ ਕੁਮਾਰ ਸ਼ਰਮਾ ਦਾ ਜਨਮ 11 ਮਾਰਚ 1966 ਨੂੰ ਮਾਤਾ ਉਰਮਿਲਾ ਦੇਵੀ ਦੀ ਕੁੱਖੋਂ ਪਿਤਾ ਮਾਸਟਰ ਰਤਨ ਚੰਦ ਦੇ ਘਰ ਸੁਨਾਮ ਵਿਖੇ ਹੋਇਆ।ਆਪ ਨੇ ਮੁਢਲੀ ਸਿੱਖਿਆ ਸ.ਪ੍ਰਾ.ਸਕੂਲ (ਮੁੰਡੇ) ਸੁਨਾਮ ਤੋਂ ਪ੍ਰਾਪਤ ਕੀਤੀ। ਗ੍ਰੈਜੂਏਸ਼ਨ ਤੱਕ ਦੀ ਵਿੱਦਿਆ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਤੋਂ 1988 ਵਿੱਚ ਪ੍ਰਾਪਤ ਕੀਤੀ। ਗ੍ਰੈਜੂਏਸ਼ਨ ਉਪਰੰਤ ਸਟੇਟ ਕਾਲਜ ਆਫ ਐਜੂਕੇਸ਼ਨ, ਪਟਿਆਲਾ ਤੋਂ ਬੀ.ਐਡ. ਦੀ ਡਿਗਰੀ 1989 ਵਿੱਚ ਪ੍ਰਾਪਤ ਕੀਤੀ।ਸਰਕਾਰੀ ਸੇਵਾ ਵਿੱਚ ਆਉਣ ਤੋਂ ਬਾਅਦ ਆਪ ਨੇ ਐੱਮ. ਏ. ਪਬਲਿਕ ਐਡਮਨਿਸਟ੍ਰੇਸ਼ਨ ਤੇ ਐੱਮ. ਐੱਸ. ਸੀ. (ਹਿਸਾਬ) ਦੀ ਡਿਗਰੀ ਪ੍ਰਾਪਤ ਕੀਤੀ।18 ਦਸੰਬਰ 1991 ਨੂੰ ਆਪ ਨੇ ਸਿੱਖਿਆ ਵਿਭਾਗ ਪੰਜਾਬ ਵਿੱਚ ਬਤੌਰ ਜੇ. ਬੀ. ਟੀ. ਅਧਿਆਪਕ ਸ.ਪ੍ਰਾ.ਸ. ਲਖਮੀਰਵਾਲਾ ਤੋਂ ਆਪਣੀ ਸਰਕਾਰੀ ਸੇਵਾ ਸ਼ੁਰੂ ਕੀਤੀ।ਸਵਰਗੀ ਪਿਤਾ ਮਾਸਟਰ ਰਤਨ ਚੰਦ ਦੀ ਯੋਗ ਅਗਵਾਈ ਸਦਕਾ ਗੌਰਮਿੰਟ ਟੀਚਰ ਯੂਨੀਅਨ ਦੇ ਆਗੂ ਮਾਸਟਰ ਕਾਲੀਚਰਨ ਕੌਸ਼ਿਕ ਅਤੇ ਮਾਸਟਰ ਨੰਦ ਲਾਲ ਜੁਨੇਜਾ ਦੀ ਰਹਿਨੁਮਾਈ ਵਿੱਚ ਯੂਨੀਅਨ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ।1992 ਨੂੰ ਬਦਲੀ ਹੋਣ ਕਾਰਨ ਆਪ ਸ.ਪ੍ਰਾ.ਸ. ਧਾਲੀਵਾਲ ਪੱਤੀ ਛਾਜਲੀ ਵਿਖੇ ਹਾਜ਼ਰ ਹੋਏ।ਅਗਸਤ 1994 ਨੂੰ ਆਪ ਬਤੌਰ ਮੈਥ ਮਾਸਟਰ ਸ.ਹ.ਸ. ਬਿੰਨ੍ਹਾਹੇੜੀ, ਪਟਿਆਲਾ ਵਿਖੇ ਹਾਜ਼ਰ ਹੋਏ।1996 ਵਿੱਚ ਬਦਲੀ ਉਪਰੰਤ ਆਪ ਸ.ਸ.ਸ.ਸ. ਛਾਹੜ ਵਿਖੇ ਹਾਜ਼ਰ ਹੋਏ।3 ਜਨਵਰੀ 1997 ਨੂੰ ਛਾਹੜ ਤੋਂ ਬਦਲ ਕੇ ਆਪ ਸ.ਮਿ.ਸ. ਕੋਟੜਾ ਅਮਰੂ ਵਿਖੇ ਬਤੌਰ ਪੰਜਾਬੀ ਮਾਸਟਰ ਹਾਜ਼ਰ ਹੋਏ।ਜੁਲਾਈ 2007 ਵਿੱਚ ਬਦਲੀ ਹੋਣ ਕਾਰਨ ਆਪ ਸ਼ਹੀਦ ਊਧਮ ਸਿੰਘ ਸ.ਮਿ.ਸਕੂਲ ਸੁਨਾਮ ਵਿਖੇ ਹਾਜ਼ਰ ਹੋਏ।ਬਤੌਰ ਸਕੂਲ ਇੰਚਾਰਜ, ਗੁਰਦੁਆਰਾ ਸਾਹਿਬ ਪਾਤਸ਼ਾਹੀ ਪਹਿਲੀ ਦੇ ਪ੍ਰਧਾਨ ਅਤੇ ਕਮੇਟੀ ਮੈਂਬਰਾਂ ਦੇ ਸਹਿਯੋਗ ਨਾਲ ਸਕੂਲ ਨੂੰ ਕਾਮਯਾਬ ਕਰਨ ਲਈ ਸਿਰਤੋੜ ਯਤਨ ਕੀਤੇ।ਮਈ 2012 ਨੂੰ ਬਤੌਰ ਮੈਥ ਲੈਕਚਰਾਰ ਤਰੱਕੀ ਹੋਣ 'ਤੇ ਸ਼ਹੀਦ ਊਧਮ ਸਿੰਘ ਸ.ਕੰ.ਸ.ਸ.ਸ.ਸੁਨਾਮ ਵਿਖੇ 28 ਮਈ 2012 ਨੂੰ ਹਾਜ਼ਰ ਹੋਏ।ਜਿੰਨੇ ਵੀ ਸਕੂਲਾਂ ਵਿੱਚ ਆਪ ਨੇ ਸੇਵਾਵਾਂ ਦਿੱਤੀਆਂ, ਸਕੂਲ ਦੀ ਬਿਹਤਰੀ ਅਤੇ ਵਿਦਿਆਰਥੀਆਂ ਦੀ ਭਲਾਈ ਲਈ ਕੰਮ ਕੀਤੇ। ਲੋੜਵੰਦ ਵਿਦਿਆਰਥੀਆਂ ਦੀ ਵਿੱਤੀ ਸਹਾਇਤਾ ਵੀ ਕੀਤੀ। ਇਨ੍ਹਾਂ ਸੇਵਾਵਾਂ ਨੂੰ ਨਿਭਾਉਂਦਿਆਂ ਆਪ 31 ਮਾਰਚ ਨੂੰ ਵਿਭਾਗੀ ਜ਼ਿੰਮੇਵਾਰੀਆਂ ਤੋਂ ਸੇਵਾ ਮੁਕਤ ਹੋ ਰਹੇ ਹਨ।

—ਹਾਕਮ ਭੱਟੀ, ਅਸ਼ੋਕ ਬਾਂਸਲ ਸੁਨਾਮ

ਕਾਤਰਾਂ

ਕਣਕ ਦੀ ਖਰੀਦ ਲਈ ਵੱਖ-ਵੱਖ ਸੈਕਟਰ ਅਫ਼ਸਰ ਤਾਇਨਾਤ

ਸੰਗਰੂਰ (ਪ੍ਰਵੀਨ ਸਿੰਘ)-ਹਾੜ੍ਹੀ ਦੇ ਸੀਜ਼ਨ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਸੰਗਰੂਰ ਵਿਚ ਕਣਕ ਦੀ ਖਰੀਦ 1 ਅਪ੍ਰੈਲ ਤੋਂ ਸ਼ੁਰੂ ਹੋਵੇਗੀ। ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਕਿਹਾ ਕਿ ਖਰੀਦ ਕੇਂਦਰਾਂ ਤੇ ਕਣਕ ਦੀ ਖਰੀਦ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹੇ ਦੀਆਂ ਸਮੂਹ ਅਨਾਜ ਮੰਡੀਆਂ ਵਿੱਚ ਵੱਖੋ-ਵੱਖ ਸੈਕਟਰ ਅਫ਼ਸਰ ਤਾਇਨਾਤ ਕੀਤੇ ਗਏ ਹਨ, ਜੋ ਕਿਸੇ ਵੀ ਸਮੱਸਿਆ ਦੀ ਸਥਿਤੀ ਵਿਚ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਨਾਲ ਤਾਲਮੇਲ ਕਰਨਗੇ।ਸ੍ਰੀ ਜੋਰਵਾਲ ਨੇ ਦੱਸਿਆ ਕਿ ਖਰੀਦ ਪ੍ਰਬੰਧਾਂ ਦੀ ਸਮੁੱਚੀ ਨਿਗਰਾਨੀ ਵਧੀਕ ਡਿਪਟੀ ਕਮਿਸ਼ਨਰ (ਜ) ਕਰਨਗੇ ਤੇ ਸਬੰਧਤ ਐਸ.ਡੀ.ਐੱਮ. ਆਪਣੇ ਅਧਿਕਾਰ ਖੇਤਰ ਵਿਚ ਖਰੀਦ ਪ੍ਰਬੰਧਾਂ ਦੇ ਇੰਚਾਰਜ ਹੋਣਗੇ।ਹੁਕਮਾਂ 'ਚ ਕਿਹਾ ਗਿਆ ਹੈ ਕਿ ਕੋਈ ਵੀ ਸੈਕਟਰ ਅਫ਼ਸਰ ਨਿਗਰਾਨ ਅਧਿਕਾਰੀ ਦੀ ਅਗੇਤੀ ਪ੍ਰਵਾਨਗੀ ਤੋਂ ਬਿਨਾਂ ਆਪਣਾ ਸਟੇਸ਼ਨ ਨਹੀਂ ਛੱਡੇਗਾ ਤੇ ਹਰੇਕ ਸੈਕਟਰ ਅਫਸਰ ਡਿਊਟੀ ਦੌਰਾਨ ਆਪਣਾ ਮੋਬਾਈਲ ਫੋਨ ਖੁੱਲ੍ਹਾ ਰੱਖੇਗਾ।

ਰੇਲਵੇ ਫਾਟਕਾਂ ਨੇੜਿਓਂ ਮਿਲਿਆ ਅਣਪਛਾਤਾ ਵਿਅਕਤੀ ਕੋਮਾ 'ਚ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਜੀ.ਆਰ.ਪੀ. ਥਾਣਾ ਸਰਹਿੰਦ ਦੀ ਪੁਲਸ ਨੂੰ ਜ਼ਖ਼ਮੀ ਹਾਲਤ 'ਚ ਮਿਲੇ ਅਣਪਛਾਤੇ ਵਿਅਕਤੀ ਦੀ ਹਾਲਤ ਗੰਭੀਰ ਬਣੀ ਹੋਈ ਹੈ।ਜੀ.ਆਰ.ਪੀ. ਦੇ ਸਹਾਇਕ ਥਾਣੇਦਾਰ ਸ਼ਿੰਦਰਪਾਲ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਸਰਹਿੰਦ-ਫ਼ਤਹਿਗੜ੍ਹ ਸਾਹਿਬ ਦੇ ਰੇਲਵੇ ਕਿਲੋਮੀਟਰ ਨੰਬਰ 3/7 ਦਰਮਿਆਨ ਸਦਨੇ ਕਸਾਈ ਦੀ ਮਸੀਤ ਨੇੜਿਓਂ ਕਿਸੇ ਨਾਮਾਲੂਮ ਗੱਡੀ ਦੀ ਫੇਟ ਲੱਗਣ ਕਾਰਨ ਗੰਭੀਰ ਜ਼ਖ਼ਮੀ ਹਾਲਤ 'ਚ ਇੱਕ ਅਣਪਛਾਤਾ ਵਿਅਕਤੀ ਮਿਲਿਆ ਸੀ, ਜਿਸ ਨੂੰ ਇਲਾਜ ਲਈ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਦਾਖਲ ਕਰਾਇਆ ਗਿਆ ਸੀ, ਜੋ ਕੋਮਾ 'ਚ ਪਿਆ ਹੈ।ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀ ਦੀ ਉਮਰ ਕਰੀਬ 50 ਸਾਲ ਤੇ ਕੱਪੜੇ ਭਗਵੇਂ ਪਾਏ ਹੋਏ ਸਨ, ਜਿਸਦੀ ਹਾਲੇ ਸ਼ਨਾਖਤ ਨਹੀਂ ਹੋ ਸਕੀ।

ਜੈਵਿਕ ਖੇਤੀ ਸੰਬੰਧੀ ਕੈਂਪ ਅੱਜ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਪੰਜਾਬ ਐਗਰੋ ਦੁਆਰਾ ਆਯੋਜਿਤ ਜੈਵਿਕ ਖੇਤੀ ਜਾਗਰੂਕਤਾ ਅਤੇ ਸਿਖਲਾਈ ਕੈਂਪ 30 ਮਾਰਚ ਨੂੰ ਕੋਆਪਰੇਟਿਵ ਸੁਸਾਇਟੀ ਲੌਂਗੋਵਾਲ ਵਿਖੇ ਲਗਾਇਆ ਜਾ ਰਿਹਾ ਹੈ। ਇਸ ਸੰਬੰਧੀ ਕੈਂਪ ਦੇ ਪ੍ਰਬੰਧਕ ਕਮਲਜੀਤ ਸਿੰਘ ਵਿੱਕੀ ਨੇ ਦੱਸਿਆ ਕਿ ਇਸ ਕੈਂਪ ਵਿੱਚ ਮੁੱਖ ਰਿਸੋਰਸ ਪਰਸਨ ਗੁਰਪ੍ਰੀਤ ਸਿੰਘ ਦਬੜੀਖਾਨਾ ਹੋਣਗੇ। ਇਸ ਦੇ ਨਾਲ ਹੀ ਸਫਲਤਾਪੂਰਵਕ ਖੇਤੀ ਕਰ ਰਹੇ ਕਿਸਾਨਾਂ ਵੱਲੋਂ ਆਪਣੇ ਤਜਰਬੇ ਸਾਂਝੇ ਕੀਤੇ ਜਾਣਗੇ। ਇਸ ਦੇ ਨਾਲ ਦੀਪਇੰਦਰ, ਸਿੰਘ, ਚੇਤਿੰਦਰ ਸਿੰਘ ਅਤੇ ਮਹਿੰਦਰ ਸਿੰਘ ਵੱਲੋਂ ਖੇਤੀ ਸੰਬੰਧੀ ਹੋਰ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

ਮੈਜਿਸਟ੍ਰੇਟ ਵੱਲੋਂ ਅਸਲਾ ਲਾਇਸੰਸੀਆਂ ਨੂੰ ਹਥਿਆਰ ਤੁਰੰਤ ਜਮ੍ਹਾਂ ਕਰਾਉਣ ਦੇ ਹੁਕਮ ਜਾਰੀ

ਗੁਰੂਹਰਸਹਾਏ/ਜ਼ੀਰਾ (ਮਨਦੀਪ ਸਿੰਘ ਸੋਢੀ, ਨਰਿੰਦਰ ਅਨੇਜਾ)-ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟ੍ਰੇਟ-ਕਮ-ਜ਼ਿਲ੍ਹਾ ਚੋਣ ਅਫ਼ਸਰ ਰਾਜੇਸ਼ ਧੀਮਾਨ ਨੇ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਚੋਣ ਪ੍ਰਕਿਰਿਆ ਨੂੰ ਸ਼ਾਂਤੀ ਪੂਰਵਕ ਤਰੀਕੇ ਨਾਲ ਮੁਕੰਮਲ ਕਰਾਉਣ ਲਈ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਸਮੂਹ ਲਾਇਸੰਸਸ਼ੁਦਾ ਹਥਿਆਰ ਰੱਖਣ ਵਾਲੇ ਵਿਅਕਤੀਆਂ ਨੂੰ ਆਪਣੇ-ਆਪਣੇ ਹਥਿਆਰ ਨੇੜੇ ਦੇ ਲੋਕਲ ਪੁਲਿਸ ਥਾਣਿਆਂ ਵਿੱਚ ਜਾਂ ਅਧਿਕਾਰਤ ਅਸਲਾ ਡੀਲਰਾਂ ਕੋਲ 01 ਅਪ੍ਰੈਲ ਸ਼ਾਮ 05:00 ਵਜੇ ਤੱਕ ਜਮ੍ਹਾਂ ਕਰਾਉਣ ਦੇ ਹੁਕਮ ਜਾਰੀ ਕੀਤੇ ਹਨ।ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਹਰ ਨਾਗਰਿਕ ਨੂੰ ਭੈਅ ਮੁਕਤ ਮਾਹੌਲ ਦੇਣ ਲਈ, ਹਰ ਨਾਗਰਿਕ ਨੂੰ ਬਿਨਾਂ ਕਿਸੇ ਡਰ ਦੇ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ, ਚੋਣਾਂ ਨੂੰ ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਨ ਲਈ ਤੇ ਜ਼ਿਲ੍ਹੇ ਵਿੱਚ ਅਮਨ ਕਾਨੂੰਨ ਤੇ ਸ਼ਾਂਤੀ ਨੂੰ ਕਾਇਮ ਰੱਖਣ ਲਈ ਅਸਲਾ ਧਾਰਕਾ ਪਾਸੋਂ ਉਨ੍ਹਾਂ ਦੇ ਅਸਲੇ ਨੂੰ ਜਮ੍ਹਾ ਕਰਾਉਣਾ ਅਤਿ ਜ਼ਰੂਰੀ ਹੈ ਤਾਂ ਜੁ ਕਿਸੇ ਤਰ੍ਹਾਂ ਦੀ ਕੋਈ ਅਣਸੁਖਾਂਵੀ ਘਟਨਾ ਨਾ ਵਾਪਰੇ।ਉਨ੍ਹਾਂ ਕਿਹਾ ਕਿ ਇਸ ਕੰਮ ਵਿੱਚ ਅਣਗਹਿਲੀ ਵਰਤਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।ਇਹ ਹੁਕਮ ਆਰਮੀ ਪ੍ਰਸੋਨਲ, ਪੈਰਾ ਮਿਲਟਰੀ ਫੋਰਸਜ਼, ਬਾਵਰਦੀ ਪੁਲਸ ਕੁਮਚਾਰੀਆਂ ਤੇ ਬੈਂਕਾਂ ਵਿੱਚ ਗਾਰਡ ਦੀ ਨੌਕਰੀ ਕਰਦੇ ਕੁਮਚਾਰੀਆਂ 'ਤੇ ਲਾਗੂ ਨਹੀਂ ਹੋਵੇਗਾ।

ਓਪਨ ਕਬੱਡੀ ਕੱਪ 'ਚ ਬੱਛੋਆਨਾ ਦੇ ਗੱਭਰੂਆਂ ਨੇ ਗੱਡੀ ਝੰਡੀ

■ ਟੂਰਨਾਮੈਂਟ ਦੇ ਸਹਿਯੋਗੀਆਂ

30-MAR-Page-11.qxd 3/29/2024 9:40 PM Page 1

ਕਤਲ ਦੇ ਦੋਸ਼ 'ਚ 4 ਮੁਲਜ਼ਮ ਗ੍ਰਿਫਤਾਰ

ਮਜੀਠਾ (ਸੋਇਮ ਆਨੰਦ)-ਹਲਕਾ ਮਜੀਠਾ ਦੇ ਪਿੰਡ ਵਡਾਲਾ 'ਚ ਹੋਏ ਪ੍ਰਵਾਸੀ ਮਜ਼ਦੂਰ ਦੇ ਅੰਨ੍ਹੇ ਕਤਲ ਦੇ ਮੁਲਜ਼ਮਾਂ ਨੂੰ ਮਜੀਠਾ ਪੁਲਸ ਵੱਲੋਂ 12 ਘੰਟਿਆਂ 'ਚ ਕਾਬੂ ਕਰ ਲਿਆ ਹੈ।ਥਾਣਾ ਮਜੀਠਾ ਵਿਖੇ ਕੀਤੀ ਗਈ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਡੀਐੱਸਪੀ ਮਜੀਠਾ ਜਸਪਾਲ ਸਿੰਘ ਢਿੱਲੋਂ ਨੇ ਦੱਸਿਆ ਕਿ ਐੱਸਐੱਸਪੀ ਅੰਮ੍ਰਿਤਸਰ ਦਿਹਾਤੀ ਸਤਿੰਦਰ ਸਿੰਘ ਆਈਪੀਐੱਸ ਦੇ ਦਿਸ਼ਾ ਨਿਰਦੇਸ਼ਾਂ ਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਬੀਤੀ ਰਾਤ ਇਕ ਪ੍ਰਵਾਸੀ ਮਜ਼ਦੂਰ ਬੱਲੂ ਰਾਮ ਪੁੱਤਰ ਨੰਦ ਰਾਮ ਵਾਸੀ ਰਤਨਪੁਰਾ (ਰਾਜਸਥਾਨ) ਦਾ ਅਣਪਛਾਤੇ ਵਿਅਕਤੀਆਂ ਵੱਲੋਂ ਤੇਜ਼ਧਾਰ ਹਥਿਆਰ ਦੇ ਵਾਰ ਕਰਕੇ ਕਤਲ ਕਰ ਦਿੱਤਾ ਸੀ, ਜਿਸ ਨੂੰ ਸੁਲਝਾਉਂਦਿਆਂ ਉਨ੍ਹਾਂ ਵੱਲੋਂ ਐੱਸਐੱਚਓ ਮਜੀਠਾ ਲਖਵਿੰਦਰ ਸਿੰਘ, ਐੱਸਆਈ ਮਨੋਹਰ ਲਾਲ, ਏਐੱਸਆਈ ਹਰਜਿੰਦਰ ਸਿੰਘ ਸਮੇਤ ਪੁਲਸ ਪਾਰਟੀ ਮ੍ਰਿਤਕ ਦੀ ਪਤਨੀ ਸਾਨਤਾ ਦੇ ਬਿਆਨਾਂ ਦੇ ਆਧਾਰ 'ਤੇ ਮਜੀਠਾ ਥਾਣਾ ਵਿਖੇ ਮੁਕੱਦਮਾ ਨੰਬਰ 31, ਜੁਰਮ 302, 379-ਬੀ ਤਹਿਤ ਦਰਜ ਕਰਕੇ 12 ਘੰਟਿਆਂ ਵਿਚ ਹੀ ਬੱਲੂ ਦੇ ਕਤਲ 'ਚ ਲੋੜੀਂਦੇ ਚਾਰੇ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਹੈ ਅਤੇ ਕਤਲ ਵਿੱਚ ਵਰਤੀ ਗਈ ਕਿਰਚ ਤੇ ਮੋਟਰਸਾਈਕਲ ਪਲਸਰ ਨੰਬਰ ਪੀ ਬੀ 02 ਵੀ ਜੈੱਡ 1002 ਕਬਜ਼ੇ ਵਿੱਚ ਲੈ ਲਿਆ ਹੈ। ਕਾਬੂ ਕੀਤੇ ਗਏ ਮੁਲਜ਼ਮਾਂ ਦੀ ਪਹਿਚਾਨ ਹਰਵਿੰਦਰ ਸਿੰਘ ਉਰਫ ਲਾਲੀ ਪੁੱਤਰ ਕਸ਼ਮੀਰ ਸਿੰਘ, ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਸੁਖਜਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਜਸਵਿੰਦਰ ਸਿੰਘ (ਸਾਰੇ ਵਾਸੀ ਪਿੰਡ ਭੋਮਾ), ਸਾਹਿਬ ਸਿੰਘ ਉਰਫ ਸਾਬਾ ਪੁੱਤਰ ਦੇਸਾ ਸਿੰਘ ਵਾਸੀ ਬੁੱਢਾਥੇਹ ਵਜੋਂ ਹੋਈ ਹੈ।ਪੁਲਸ ਵੱਲੋਂ ਮ੍ਰਿਤਕ ਦੀ ਲਾਸ਼ ਪੋਸਟਮਾਰਟਮ ਤੋ ਬਾਅਦ ਵਾਰਿਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ।

ਆਈ ਸੀ ਆਈ ਸੀ ਆਈ ਬੈਂਕ ਨੇ ਬਠਿੰਡਾ 'ਚ ਖੋਲ੍ਹੀ ਇੱਕ ਹੋਰ ਸ਼ਾਖਾ

ਬਠਿੰਡਾ : ਆਈ ਸੀ ਆਈ ਸੀ ਆਈ ਬੈਂਕ ਨੇ ਬਠਿੰਡਾ ਵਿੱਚ ਆਪਣੀ ਇੱਕ ਹੋਰ ਸ਼ਾਖਾ ਸਥਾਪਤ ਕੀਤੀ ਹੈ, ਜੋ ਸ਼ਹਿਰ ਵਿੱਚ ਬੈਂਕ ਦੀ ਅੱਠਵੀਂ ਬਰਾਂਚ ਹੈ । ਮਾਡਲ ਟਾਊਨ ਵਿਚ ਸਥਿਤ ਇਹ ਬ੍ਰਾਂਚ ਗਾਹਕਾਂ ਨੂੰ ਨਕਦੀ ਜਮ੍ਹਾਂ ਕਰਵਾਉਣ ਅਤੇ ਕਢਵਾਉਣ ਦੀਆਂ ਸੇਵਾਵਾਂ ਦੀ ਪੇਸ਼ਕਸ਼ ਕਰਨ ਲਈ ਇੱਕ ਏ ਟੀ ਐਮ -ਕਮ-ਕੈਸ਼ ਰੀਸਾਈਕਲਰ ਮਸ਼ੀਨ (ਸੀ ਆਰ ਐਮ) ਨਾਲ ਲੈਸ ਹੈ। ਸ਼ਹਿਰ ਵਿੱਚ ਸ਼ਾਖਾ ਦਾ ਉਦਘਾਟਨ ਮਾਨਯੋਗ ਜਗਰੂਪ ਸਿੰਘ ਗਿੱਲ, ਮੈਂਬਰ ਵਿਧਾਨ ਸਭਾ ਬਠਿੰਡਾ ਦੁਆਰਾ ਕੀਤਾ ਗਿਆ । ਇਹ ਸ਼ਾਖਾ ਖਾਤਿਆਂ ਦੀ ਵਿਆਪਕ ਲੜੀ ਦੀ ਪੇਸ਼ਕਸ਼ ਕਰਦੀ ਹੈ, ਜਿਸ ਵਿੱਚ ਬੱਚਤ ਅਤੇ ਚਾਲੂ ਖਾਤੇ, ਵਪਾਰ ਅਤੇ ਵਿਦੇਸ਼ੀ ਮੁਦਰਾ ਸੇਵਾਵਾਂ, ਫਿਕਸਡ ਅਤੇ ਆਵਰਤੀ ਜਮ੍ਹਾਂ, ਲੋਨ - ਵਪਾਰਕ ਲੋਨ, ਹੋਮ ਲੋਨ, ਨਿੱਜੀ ਲੋਨ, ਆਟੋ ਲੋਨ ਅਤੇ ਗੋਲਡ ਲੋਨ ਦੇ ਨਾਲ-ਨਾਲ ਰੈਮਿਟੈਂਸ ਅਤੇ ਕਾਰਡ ਸੇਵਾਵਾਂ ਸ਼ਾਮਲ ਹਨ। ਇਹ ਬ੍ਰਾਂਚ ਸੋਮਵਾਰ ਤੋਂ ਸ਼ੁੱਕਰਵਾਰ ਅਤੇ ਮਹੀਨੇ ਦੇ ਪਹਿਲੇ, ਤੀਜੇ ਅਤੇ ਪੰਜਵੇਂ ਸ਼ਨੀਵਾਰ ਨੂੰ ਸਵੇਰੇ 9:30 ਵਜੇ ਤੋਂ ਦੁਪਹਿਰ 3:00 ਵਜੇ ਤੱਕ ਸੰਚਾਲਨ ਕਰਦੀ ਹੈ।

ਸਰਬਜੀਤ ਮੈਮੋਰੀਅਲ ਪਬਲਿਕ ਹਾਈ ਸਕੂਲ ਲਾਲਪੁਰ ਨੂੰ ਸੌ ਫੀਸਦੀ ਨਤੀਜਾ ਐਲਾਨਣ ਦਾ ਮਾਣ ਹਾਸਲ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਨਾਮਵਰ ਸੰਸਥਾ ਸਰਬਜੀਤ ਮੈਮੋਰੀਅਲ ਪਬਲਿਕ ਹਾਈ ਸਕੂਲ ਲਾਲਪੁਰ ਵੱਲੋਂ ਸਕੂਲ ਦਾ ਸਾਲਾਨਾ ਨਤੀਜਾ ਐਲਾਨ ਕੀਤਾ ਗਿਆ।ਇਸ ਪ੍ਰਤੀ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਸਕੱਤਰ ਸਿੰਘ ਸੰਧੂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸਾਲਾਨਾ ਨਤੀਜਾ ਬੱਚਿਆਂ ਵਲੋਂ ਗੁਰਬਾਣੀ ਕੀਰਤਨ ਕਰਨ ਉਪਰੰਤ ਅਰਦਾਸ ਕਰਨ ਨਾਲ ਸ਼ੁਰੂ ਕੀਤਾ ਗਿਆ।ਪਹਿਲੇ, ਦੂਜੇ ਤੇ ਤੀਜੇ ਦਰਜੇ 'ਤੇ ਆਉਣ ਵਾਲੇ ਬੱਚਿਆਂ ਨੂੰ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ ਗਿਆ।ਹਰੇਕ ਕਲਾਸ ਵਿੱਚ ਸਭ ਤੋਂ ਵੱਧ ਹਾਜ਼ਰ ਰਹਿਣ ਵਾਲਿਆਂ ਬੱਚਿਆਂ ਨੂੰ ਬੈਸਟ ਇਨ ਪੰਕਚੂਐਲਟੀ ਮੈਡਲ ਤੇ ਹਰੇਕ ਕਲਾਸ ਵਿੱਚੋਂ ਇੱਕ ਇੱਕ ਬੈਸਟ ਇਨ ਡਰੈੱਸ ਨੂੰ ਵੀ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਹੈੱਡ ਬੁਆਏ, ਹੈੱਡ ਗਰਲ ਤੇ ਵੱਖ-ਵੱਖ ਹਾਊਸ ਕੈਪਟਨ ਨੂੰ ਵੀ ਸਨਮਾਨ ਚਿੰਨ੍ਹ ਦਿੱਤੇ ਗਏ।ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਲਈਆਂ ਜਾਂਦੀਆਂ ਧਾਰਮਿਕ ਪ੍ਰੀਖਿਆਵਾਂ ਵਿੱਚੋਂ ਮੈਰਿਟ ਹਾਸਿਲ ਕਰਨ ਵਾਲੇ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ।ਪਿਛਲੇ ਸਾਲ ਹੋਈਆਂ ਪੰਜਵੀਂ, ਅਠਵੀਂ ਤੇ ਦਸਵੀਂ ਕਲਾਸ ਦੀਆਂ ਬੋਰਡ ਪ੍ਰੀਖਿਆਵਾਂ ਵਿਚੋਂ ਅੱਵਲ ਆਏ ਬੱਚਿਆਂ ਨੂੰ ਵੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਦਸਵੀਂ ਵਿੱਚੋਂ ਪਹਿਲੀ ਪੁਜ਼ੀਸ਼ਨ ਹਾਸਲ ਕਰਨ ਵਾਲੀ ਕੋਮਲਪ੍ਰੀਤ ਕੌਰ ਨੂੰ ਸਰਬਜੀਤ ਕੌਰ ਮੈਮੋਰੀਅਲ ਐਵਾਰਡ ਤੇ ਨਾਲ ਗਿਆਰਾਂ ਸੌ ਰੁਪਏ ਕੈਸ਼ ਪ੍ਰਾਈਜ਼ ਤੇ ਦੂਜੀ ਪੁਜ਼ੀਸ਼ਨ ਪ੍ਰਾਪਤ ਕਰਨ ਵਾਲੇ ਅਵਤਾਰ ਸਿੰਘ ਨੂੰ ਸਰਦਾਰ ਅਮਰ ਸਿੰਘ ਮੈਮੋਰੀਅਲ ਅਵਾਰਡ ਤੇ ਗਿਆਰਾਂ ਸੌ ਰੁਪਏ ਕੈਸ਼ ਪ੍ਰਾਈਜ਼ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਮਨਰਾਜ ਸਿੰਘ ਦੇ ਗਰੁੱਪ ਵਲੋਂ ਤੇ ਗੁਰਲਵਲਦੀਪ ਕੌਰ ਤੇ ਸਾਥੀਆਂ ਵਲੋਂ ਲੋਕ ਗੀਤ ਪੇਸ਼ ਕੀਤੇ ਗਏ ਤੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ ਗਿਆ।ਸਕੂਲ ਹੈੱਡ ਗਰਲ ਸੁਖਮਨਦੀਪ ਕੌਰ ਤੇ ਗੁਰਬਾਜ ਸਿੰਘ ਨੇ ਸਕੂਲ ਦੀਆਂ ਨਿਵੇਕਲੀਆਂ ਗਤੀਵਿਧੀਆਂ ਸਬੰਧੀ ਭਰਪੂਰ ਚਾਨਣਾ ਪਾਇਆ।ਅੰਤ ਵਿੱਚ ਸਕੂਲ ਪ੍ਰਿੰ. ਸਕੱਤਰ ਸਿੰਘ ਸੰਧੂ ਨੇ ਬੱਚਿਆਂ ਤੇ ਮਾਪਿਆਂ ਨੂੰ ਮੁਖ਼ਾਤਿਬ ਹੁੰਦਿਆਂ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦੇਣ ਉਪਰੰਤ ਬੱਚਿਆਂ ਨੂੰ ਢੁਕਵਾਂ ਸਮਾਂ ਦੇਣ ਦੀ ਤੇ ਬੱਚਿਆਂ ਨੂੰ ਸੰਸਕਾਰੀ ਬਣਾਉਣ ਲਈ ਘਰਾਂ ਵਿੱਚ ਪਰਿਵਾਰਕ ਮਾਹੌਲ ਕਾਰਗਰ ਬਣਾਉਣ ਦੀ ਅਪੀਲ ਕੀਤੀ।ਬੱਚਿਆਂ ਨੂੰ ਜੰਕ ਫੂਡ ਤੋਂ ਬਚਾਉਣ ਤੇ ਉਨ੍ਹਾਂ ਨੂੰ ਘਰੇਲੂ ਮੌਸਮੀ ਫਲ ਸਬਜ਼ੀਆਂ ਉਗਾ ਕੇ ਉਨ੍ਹਾਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ।ਇਸ ਦੇ ਨਾਲ ਨਾਲ ਨਵੇਂ ਸੈਸ਼ਨ ਦੇ ਆਗਾਜ਼ ਬਾਰੇ ਵੀ ਮਾਪਿਆਂ ਨੂੰ ਜਾਣੂ ਕਰਵਾਇਆ ਗਿਆ ਤੇ ਸੰਸਥਾ ਨੂੰ ਮਿਲ ਰਹੇ ਸਹਿਯੋਗ ਲਈ ਵੀ ਮਾਪਿਆਂ ਦਾ ਧੰਨਵਾਦ ਕੀਤਾ।

ਝਬਾਲ-ਪੀ ਐੱਚ ਸੀ ਥਰੀਏਵਾਲ ਤੋਂ ਹਰਕੰਵਲਜੀਤ ਸਿੰਘ ਬਤੌਰ ਸੀਨੀਅਰ ਮੈਡੀਕਲ ਅਫ਼ਸਰ ਸ਼ਾਨਦਾਰ ਸੇਵਾਵਾਂ ਨਿਭਾਉਣ ਉਪਰੰਤ ਸੇਵਾਮੁਕਤ ਹੋਏ ਜਿਨ੍ਹਾਂ ਨੂੰ ਸਮੂਹ ਸਟਾਫ ਵੱਲੋਂ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ ਅਤੇ ਸਨਮਾਨ ਚਿੰਨ੍ਹ ਵੀ ਭੇਟ ਕੀਤਾ ਗਿਆ ।ਵਿਦਾਇਗੀ ਪਾਰਟੀ ਮੌਕੇ ਡਾ: ਕਨਿਕਾ, ਰਣਜੀਤ ਕੁਮਾਰ ਬੀਈਈ, ਅਗਨਪਾਲ ਸਿੰਘ ਐੱਸਆਈ, ਸਾਹਿਲ ਮੱਟੂ, ਜਸਵਿੰਦਰ ਸਿੰਘ, ਸੁਖਰਾਜ, ਮਨਵਿੰਦਰ ਸਿੰਘ, ਰਜਿੰਦਰ ਕੁਮਾਰ, ਪ੍ਰਭਜੀਤ ਕੌਰ ਅਤੇ ਪਲਵਿੰਦਰ ਕੌਰ ਆਦਿ ਹਾਜ਼ਰ ਸਨ। (ਫੋਟੋ ਤੇ ਵੇਰਵਾ: ਹਰਜਿੰਦਰ ਸਿੰਘ ਸੋਨੀ)

ਸ੍ਰੀ ਕਲਗੀਧਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੁਤਾਲਾ 'ਚ ਨਵਾਂ ਵਿੱਦਿਅਕ ਸੈਸ਼ਨ ਸ਼ੁਰੂ

ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਇਲਾਕੇ ਦੀ ਨਾਮਵਰ ਸੰਸਥਾ ਦਸਮੇਸ਼ ਵਿੱਦਿਅਕ ਸੰਸਥਾਵਾਂ ਮਹਿਤਾ ਚੌਕ ਅਤੇ ਬਾਬਾ ਬਕਾਲਾ ਸਾਹਿਬ ਦੇ ਨਵੇਂ ਵਿੱਦਿਅਕ ਯੂਨਿਟ ਸ੍ਰੀ ਕਲਗੀਧਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਬੁਤਾਲਾ ਦਾ ਸ਼ੁੱਭ ਉਦਘਾਟਨ ਸੰਸਥਾ ਦੇ ਸਰਪ੍ਰਸਤ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਅਤੇ ਪ੍ਰਧਾਨ ਸੰਤ ਸਮਾਜ ਵੱਲੋਂ ਕੀਤਾ ਗਿਆ। ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਜਥੇ ਭਾਈ ਲਵਪ੍ਰੀਤ ਸਿੰਘ, ਭਾਈ ਸਿਮਰਪ੍ਰੀਤ ਸਿੰਘ ਅਤੇ ਸਾਥੀਆਂ ਨੇ ਮਨੋਹਰ ਕੀਰਤਨ ਕੀਤਾ। ਅਰਦਾਸ ਉਪਰੰਤ ਨਵੇਂ ਵਿੱਦਿਅਕ ਅਦਾਰੇ ਦਾ ਉਦਘਾਟਨ ਜੈਕਾਰਿਆਂ ਦੀ ਗੂੰਜ ਵਿੱਚ ਹੋਇਆ। ਸਮੂਹ ਸੰਸਥਾਵਾਂ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਅਤੇ ਪ੍ਰਧਾਨ ਕੁਲਬੀਰ ਸਿੰਘ ਮਾਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਹਿਲੀ ਅਪ੍ਰੈਲ 2024 ਤੋਂ ਇਹ ਅਦਾਰਾ ਆਪਣਾ ਪਹਿਲਾ ਵਿੱਦਿਅਕ ਸੈਸ਼ਨ ਆਰੰਭ ਕਰਨ ਜਾ ਰਿਹਾ ਹੈ। ਪ੍ਰੀ-ਨਰਸਰੀ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਮੈਡੀਕਲ, ਨਾਨ-ਮੈਡੀਕਲ, ਕਾਮਰਸ ਅਤੇ ਆਰਟਸ ਗਰੁੱਪਾਂ ਦੀ ਪੜ੍ਹਾਈ ਕਰਵਾਈ ਜਾਵੇਗੀ ਅਤੇ ਇਸ ਦੇ ਨਾਲ ਹੀ ਹਰ ਤਰ੍ਹਾਂ ਦੀਆਂ ਸਹਿ-ਅਕਾਦਮਿਕ ਕਿਰਿਆਵਾਂ ਦੁਆਰਾ ਬੱਚੇ ਦੇ ਅਕਾਦਮਿਕ ਅਤੇ ਬੌਧਿਕ ਪੱਧਰ ਨੂੰ ਉੱਚਾ ਚੁੱਕਦੇ ਹੋਏ ਉਸਦੇ ਸਰਬਪੱਖੀ ਵਿਕਾਸ ਤੇ ਜ਼ੋਰ ਦਿੱਤਾ ਜਾਵੇਗਾ। ਇਸ ਮੌਕੇ ਦਸਮੇਸ਼ ਵਿੱਦਿਅਕ ਸੰਸਥਾਵਾਂ ਦੇ ਸਕੱਤਰ ਹਰਸ਼ਦੀਪ ਸਿੰਘ ਰੰਧਾਵਾ, ਅਵਤਾਰ ਸਿੰਘ ਬੁੱਟਰ ਮੈਂਬਰ ਚੀਫ਼ ਖਾਲਸਾ ਦੀਵਾਨ, ਪ੍ਰਿੰ: ਗੁਰਪ੍ਰੀਤ ਸਿੰਘ ਪੱਡਾ, ਪ੍ਰਿੰ: ਹਰਵਿੰਦਰ ਕੌਰ ਬਾਬਾ ਬਕਾਲਾ ਸਾਹਿਬ, ਬਲਵਿੰਦਰ ਸਿੰਘ ਗੁਮਟਾਲਾ, ਐਡਵੋਕੇਟ ਹਰਜੋਤ ਸਿੰਘ ਮਾਨ, ਸੁਖਜਾਪ ਸਿੰਘ, ਜਗਤਾਰ ਸਿੰਘ ਗੱਗੜਭਾਣਾ, ਪ੍ਰਧਾਨ ਗੁਰਜਿੰਦਰ ਸਿੰਘ ਸਠਿਆਲਾ, ਗਿਆਨ ਸਿੰਘ ਸਾ: ਪ੍ਰਧਾਨ ਗੁਰਦੁਆਰਾ ਬਾਬਾ ਪੱਲ੍ਹਾ ਜੀ, ਪ੍ਰਿੰ. ਹਰਦੇਵ ਸਿੰਘ ਸੂਜੋਕਾਲੀਆ, ਪ੍ਰਿੰ. ਗੁਰਸੇਵਕ ਸਿੰਘ ਬਿਹਾਰੀਪੁਰ, ਪ੍ਰਿੰ: ਮਨਜੀਤ ਕੌਰ ਵਾਲੀਆ ਅਤੇ ਅਨੂਜੀਤ ਸਿੰਘ ਵਾਲੀਆ, ਹਰਦੀਪ ਸਿੰਘ ਸਠਿਆਲਾ ਹਾਜ਼ਰ ਸਨ ।

ਨਗਰ ਪੰਚਾਇਤ ਅਜਨਾਲਾ ਵਿਖੇ ਲੱਗਾ ਜੈਵਿਕ ਹਰਤ ਖਾਦ ਮੇਲਾ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)—ਕਾਰਜ ਸਾਧਕ ਅਫਸਰ ਜਤਿੰਦਰ ਮਹਾਜਨ ਤੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਦਵਿੰਦਰ ਠਾਕਰ ਦੀ ਅਗਵਾਈ ਵਿੱਚ ਨਗਰ ਪੰਚਾਇਤ ਅਜਨਾਲਾ ਦੇ ਬੱਸ ਸਟੈਂਡ ਵਿੱਚ ਹਰਿਤ ਜੈਵਿਕ ਖਾਦ ਦਾ ਮੇਲਾ ਲਗਾਇਆ ਗਿਆ ਜਿਸ ਵਿੱਚ ਫਲਾਂ ਅਤੇ ਸਬਜ਼ੀਆਂ ਦੇ ਛਿਲਕਿਆਂ ਤੋਂ ਤਿਆਰ ਹੋਈ ਜੈਵਿਕ ਖਾਦ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ।

ਇਸ ਖਾਦ ਨੂੰ ਸ਼ਹਿਰ ਵਾਸੀਆਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ।ਇਸ ਜੈਵਿਕ ਖਾਦ ਦੀ ਕੀਮਤ ਪੰਜ ਰੁਪਏ ਪ੍ਰਤੀ ਕਿਲੋ ਰੱਖੀ ਗਈ ਹੈ।ਮੇਲੇ ਵਿੱਚ ਸੈਨੇਟਰੀ ਇੰਸਪੈਕਟਰ ਦਵਿੰਦਰ ਕੁਮਾਰ ਠਾਕੁਰ ਨੇ ਲੋਕਾਂ ਨੂੰ ਗਿੱਲਾ ਤੇ ਸੁੱਕਾ ਕੂੜਾ ਵੱਖ-ਵੱਖ ਦੇਣ ਲਈ ਪ੍ਰੇਰਿਤ ਕੀਤਾ ਤਾਂ ਜੋ ਇਸ ਕੂੜੇ ਤੋਂ ਜੈਵਿਕ ਖਾਦ ਤਿਆਰ ਕਰਕੇ ਨਗਰ ਪੰਚਾਇਤ ਅਜਨਾਲਾ ਲਈ ਵੱਧ ਤੋਂ ਵੱਧ ਰੈਵੇਨਿਊ ਇਕੱਠਾ ਕੀਤਾ ਜਾ ਸਕੇ। ਇਸ ਸਮੇਂ ਦੌਰਾਨ ਸ਼ਿਵਾਨੀ ਕਨਵਰ, ਮਨਦੀਪ ਕੌਰ ਆਈਈਸੀ ਐਕਸਪਰਟ, ਨਵਦੀਪ ਕੌਰ ਸੀਐੱਫ, ਦੀਪਕ ਅਤੇ ਵਿੱਕੀ ਬੱਸ ਸਟੈਂਡ ਇੰਚਾਰਜ ਮੌਜੂਦ ਸਨ।

ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਵਾਲੇ ਖ਼ਿਲਾਫ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਧਾਰੀਵਾਲ ਪੁਲਸ ਨੇ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਠੱਗੀ ਮਾਰਨ ਵਾਲੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਥਾਣਾ ਧਾਰੀਵਾਲ ਪੁਲਸ ਨੇ ਇਹ ਮਾਮਲਾ ਪੁਲਸ ਕਪਤਾਨ ਦੀਆਂ ਹਦਾਇਤਾਂ 'ਤੇ ਕੀਤੀ ਜਾਂਚ ਤੋਂ ਬਾਅਦ ਦਰਜ ਕੀਤਾ ਹੈ। ਪੁਲਸ ਨੇ ਜਾਂਚ ਦੌਰਾਨ ਪਾਇਆ ਕਿ ਅਸ਼ਵਨੀ ਕੁਮਾਰ ਮੋਨੂੰ ਸ਼ਰਮਾ ਪੁੱਤਰ ਗੋਪਾਲ ਦਾਸ ਵਾਸੀ ਜੌੜਾ ਛੱਤਰਾਂ ਨੇ ਪੀੜਤ ਭੱਟੋ ਵਾਸੀ ਕੋਟ ਸੰਤੋਖ ਰਾਏ ਦੇ ਲੜਕੇ ਸੁਖਵਿੰਦਰ ਸਿੰਘ ਨੂੰ ਵਿਦੇਸ਼ ਅਰਮੀਨੀਆ ਭੇਜਣ ਦੇ ਨਾਮ 'ਤੇ 60 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ। ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਜ਼ੇਰੇ ਧਾਰਾ 420 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

ਸ਼ਹੀਦ ਕਸ਼ਮੀਰ ਸਿੰਘ ਦੀ ਯਾਦ 'ਚ ਦੂਸਰਾ ਤਿੰਨ ਰੋਜ਼ਾ ਕ੍ਰਿਕਟ ਟੂਰਨਾਮੈਂਟ ਸ਼ੁਰੂ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਰਹੱਦੀ ਇਲਾਕੇ ਡੇਰਾ ਬਾਬਾ ਨਾਨਕ ਦੇ ਪਿੰਡ ਨਿੱਕੋਸਰਾਂ 'ਚ ਸ਼ਹੀਦ ਹੌਲਦਾਰ ਕਸ਼ਮੀਰ ਸਿੰਘ ਦੀ ਯਾਦ ਨੂੰ ਸਮਰਪਿਤ ਪਿੰਡ ਵਾਸੀਆਂ, ਐੱਨਆਰਆਈ ਨੌਜਵਾਨਾ ਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਤਿੰਨ ਰੋਜ਼ਾ ਪੇਂਡੂ ਕ੍ਰਿਕਟ ਟੂਰਨਾਮੈਂਟ ਸ਼ੁਰੂ ਕਰਵਾਇਆ ਗਿਆ।ਟੂਰਨਾਮੈਂਟ ਕਰਵਾਉਣ 'ਚ ਪਿੰਡ ਦੇ ਐੱਨਆਰਆਈ ਨੌਜਵਾਨ ਸੁਮਿਤ ਸਰਾਓ ਦਾ ਵਿਸ਼ੇਸ਼ ਯੋਗਦਾਨ ਰਿਹਾ। ਉਨ੍ਹਾਂ ਵੱਲੋਂ ਰਿਬਨ ਕੱਟ ਕੇ ਟੂਰਨਾਮੈਂਟ ਦੀ ਸ਼ੁਰੂਆਤ ਕਰਵਾਈ ਗਈ।

ਇਸ ਮੌਕੇ ਗੱਲਬਾਤ ਕਰਦਿਆਂ ਸੁਮਿਤ ਸਰਾਓ ਨੇ ਆਖਿਆ ਕਿ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੁੜਨਾ ਚਾਹੀਦਾ ਹੈ ਤਾਂ ਜੋ ਚੰਗੇ ਸਮਾਜ ਸਿ

30-March-PAGE-12.qxd 3/29/2024 9:35 PM Page 1

ਐੱਸ ਡੀ ਕਾਲਜ 'ਚ ਵੋਟਰ ਜਾਗਰੂਕਤਾ ਸੰਬੰਧੀ ਵਿਸ਼ੇਸ਼ ਲੈਕਚਰ

ਸੁਲਤਾਨਪੁਰ ਲੋਧੀ, , (ਹਨੀ)- ਐਸ.ਡੀ.ਕਾਲਜ ਫਾਰ ਵੂਮੈਨ ਦੇ ਰੈੱਡ ਰਿੱਬਨ ਕਲੱਬ ਤੇ ਐਨ.ਐਸ.ਐਸ ਵਿਭਾਗ ਵੱਲੋਂ ਸਵੀਪ ਗਤੀਵਿਧੀਆਂ ਦੇ ਤਹਿਤ ਪ੍ਰਿੰਸੀਪਲ ਡਾ. ਵੰਦਨਾ ਸੁਕਲਾ ਦੀ ਅਗਵਾਈ ਹੇਠ ਵੋਟਰ ਜਾਗਰੂਕਤਾ 'ਤੇ ਲੈਕਚਰ ਕਰਵਾਇਆ। ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਡਾ. ਸ਼ੁਕਲਾ ਨੇ ਵਿਦਿਆਰਥੀਆਂ ਨੂੰ ਆਪਣੇ ਹੱਕ ਦੀ ਵਰਤੋਂ ਕਰਦਿਆਂ ਵੋਟ ਪਾਉਣ ਲਈ ਪ੍ਰੇਰਿਤ ਕੀਤਾ । ਇਸ ਦੌਰਾਨ ਮੈਡਮ ਸੁਨੀਤਾ ਕਲੇਰ ਨੇ ਵਿਦਿਆਰਥੀਆਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਵੋਟ ਦੇ ਅਧਿਕਾਰ ਦੀ ਸਹੀ ਢੰਗ ਨਾਲ ਵਰਤੋਂ ਕਰਕੇ ਅਸੀਂ ਵਧੀਆ ਸਰਕਾਰ ਚੁਣ ਕੇ ਦੇਸ਼ ਦੀ ਤਰੱਕੀ ਵਿੱਚ ਹਿੱਸਾ ਪਾ ਸਕਦੇ ਹਾਂ। ਇਸ ਦੌਰਾਨ ਵੱਡੀ ਗਿਣਤੀ ਵਿੱਚ ਸ਼ਾਮਲ ਵਿਦਿਆਰਥਣਾਂ ਨੇ ਵਾਅਦਾ ਕੀਤਾ ਕਿ ਉਹ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ ਤੇ ਵਧੀਆ ਤੇ ਸ਼ਲਾਘਾਯੋਗ ਸਰਕਾਰ ਬਣਾਉਣ ਵਿੱਚ ਆਪਣਾ ਯੋਗਦਾਨ ਦੇਣਗੇ। ਇਸ ਮੌਕੇ ਪੰਜ ਬੈਸਟ ਰੈਡ ਰਿਬਨ ਕਲੱਬ ਵਲੰਟੀਅਰਸ ਨੂੰ ਸਨਮਾਨਿਤ ਵੀ ਕੀਤਾ ਗਿਆ। ਬੀ.ਏ ਭਾਗ ਤੀਜੇ ਦੀ ਵਿਦਿਆਰਥਣ ਜਸਕਰਨ, ਬੀ.ਏ ਭਾਗ ਦੂਜੇ ਦੀ ਵਿਦਿਆਰਥਣ ਪ੍ਰਨੀਤ ਕੌਰ, ਬੀ.ਏ ਭਾਗ ਪਹਿਲਾ ਦੀ ਵਿਦਿਆਰਥਣ ਪਾਇਲ, ਬੀ.ਕਾਮ ਭਾਗ ਪਹਿਲਾ ਦੀਆਂ ਵਿਦਿਆਰਥਣਾਂ ਸੰਜੀਵਨ ਅਤੇ ਸਿਮਰਨਜੀਤ ਕੌਰ ਇਹ ਖਿਤਾਬ ਹਾਸਲ ਕਰਨ ਵਿੱਚ ਸਫਲ ਰਹੀਆਂ

ਬਾਬਾ ਬਿਲਗਾ ਦੇ ਜਨਮ ਦਿਨ ਸੰਬੰਧੀ ਸਮਾਗਮ 2 ਨੂੰ

ਜਲੰਧਰ (ਨ ਜ਼ ਸ)—ਉੱਘੇ ਗ਼ਦਰੀ ਦੇਸ਼ ਭਗਤ ਬਾਬਾ ਭਗਤ ਸਿੰਘ ਬਿਲਗਾ ਜੀ ਦੇ ਜਨਮ ਦਿਨ ਸੰਬੰਧੀ ਸਮਾਗਮ 2 ਅਪ੍ਰੈਲ 2024 ਨੂੰ ਗ਼ਦਰੀ ਬਾਬਾ ਕਾਮਰੇਡ ਭਗਤ ਸਿੰਘ ਬਿਲਗਾ ਯਾਦਗਾਰ ਹਾਲ ਬਿਲਗਾ (ਜਲੰਧਰ) ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਮੌਕੇ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਅਤੇ ਹੋਰ ਅਗਾਂਹ ਵਧੂ ਸਿਆਸੀ ਤੇ ਸਮਾਜਿਕ ਜੱਥੇਬੰਦੀਆਂ ਦੇ ਆਗੂ ਬਾਬਾ ਬਿਲਗਾ ਜੀ ਦੇ ਜੀਵਨ ਅਤੇ ਯੋਗਦਾਨ ਸੰਬੰਧੀ ਆਪਣੇ ਵਿਚਾਰ ਪ੍ਰਸਤੁਤ ਕਰਨਗੇ। ਇਸ ਸਮਾਗਮ ਨੂੰ ਆਯੋਜਿਤ ਕਰਨ ਲਈ ਯੂ.ਕੇ ਤੋਂ ਉਚੇਚੇ ਤੌਰ 'ਤੇ ਆਪਣੀ ਸੁਪਤਨੀ ਸ਼੍ਰੀਮਤੀ ਸੁਰਿੰਦਰ ਕੌਰ, ਸਪੁੱਤਰ ਅਮਨਬੀਰ ਸਿੰਘ ਸੰਘੇੜਾ ਅਤੇ ਜਗਬੀਰ ਸਿੰਘ ਸੰਘੇੜਾ ਸਮੇਤ ਆਏ ਬਾਬਾ ਬਿਲਗਾ ਜੀ ਦੇ ਵੱਡੇ ਸਪੁੱਤਰ ਅਤੇ ਗ਼ਦਰੀ ਬਾਬਾ ਕਾਮਰੇਡ ਭਗਤ ਸਿੰਘ ਬਿਲਗਾ ਯਾਦਗਾਰ ਕਮੇਟੀ ਬਿਲਗਾ ਦੇ ਪ੍ਰਧਾਨ ਅਤੇ ਸ਼ਹੀਦ ਊਧਮ ਸਿੰਘ ਟਰੱਸਟ ਬਰਮਿੰਘਮ ਦੇ ਆਗੂ ਕਾਮਰੇਡ ਕੁਲਬੀਰ ਸਿੰਘ ਸੰਘੇੜਾ ਨੇ ਦੱਸਿਆ ਕਿ ਸਮਾਗਮ ਦਾ ਆਰੰਭ ਯਾਦਗਾਰ ਹਾਲ 'ਤੇ ਗ਼ਦਰ ਪਾਰਟੀ ਦਾ ਝੰਡਾ ਝੁਲਾ ਕੇ ਕੀਤਾ ਜਾਵੇਗਾ। ਇਸ ਉਪਰੰਤ ਵੱਖ-ਵੱਖ ਬੁਲਾਰੇ ਆਪਣੇ-ਆਪਣੇ ਵਿਚਾਰ ਰੱਖਣਗੇ। ਸਮਾਗਮ ਦਾ ਮੰਚ ਸੰਚਾਲਨ ਕਮੇਟੀ ਦੇ ਮੈਂਬਰ ਅਤੇ ਲਾਇਲਪੁਰ ਖਾਲਸਾ ਕਾਲਜ ਦੇ ਰਿਟਾ. ਪ੍ਰੋਫੈਸਰ ਡਾ. ਗੋਪਾਲ ਸਿੰਘ ਬੁੱਟਰ ਕਰਨਗੇ। ਇਸ ਮੌਕੇ 'ਤੇ ਕਮੇਟੀ ਦੇ ਮੈਂਬਰਾਨ ਮਾਸਟਰ ਪ੍ਰਸ਼ੋਤਮ ਲਾਲ ਬਿਲਗਾ, ਕਾ. ਸੰਤੋਖ ਸਿੰਘ ਬਿਲਗਾ, ਕਾ. ਸੰਤੋਖ ਸਿੰਘ ਸੰਧੂ, ਡਾ. ਜਸਵਿੰਦਰ ਸਿੰਘ ਬਿਲਗਾ, ਗ਼ਦਰੀ ਬਾਬਾ ਕਾ. ਭਗਤ ਸਿੰਘ ਬਿਲਗਾ ਯਾਦਗਾਰ ਕਮੇਟੀ ਬਿਲਗਾ ਵੱਲੋਂ ਬਾਹਰੋਂ ਆਏ ਸਾਥੀਆਂ ਅਤੇ ਆਗੂਆਂ ਲਈ ਸਵਾਗਤੀ ਰਸਮਾਂ ਵਿੱਚ ਹਿੱਸਾ ਲੈਣਗੇ। ਵਰਨਣਯੋਗ ਹੈ ਕਿ ਗ਼ਦਰੀ ਬਾਬਾ ਕਾ. ਭਗਤ ਸਿੰਘ ਬਿਲਗਾ ਨੇ ਗ਼ਦਰ ਪਾਰਟੀ, ਕਿਰਤੀ ਕਿਸਾਨ ਲਹਿਰ ਅਤੇ ਕਮਿਊਨਿਸਟ ਲਹਿਰ ਵਿੱਚ ਵਡੇਰਾ ਯੋਗਦਾਨ ਪਾਇਆ ਅਤੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨੂੰ ਉਸਾਰਨ ਅਤੇ ਗ਼ਦਰ ਲਹਿਰ ਦੇ ਇਤਿਹਾਸ ਨਾਲ ਸੰਬੰਧਤ ਪੁਸਤਕਾਂ ਲਿਖ ਕੇ ਇਸ ਇਨਕਲਾਬੀ ਲਹਿਰ ਦੇ ਇਤਿਹਾਸ ਨੂੰ ਸੰਭਾਲਿਆ ਹੈ।

ਪਰਿਆਸ ਸੰਸਥਾ ਨੇ ਅਡਾਪਟ ਕੀਤੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਬਦਲੀ ਨੁਹਾਰ

ਫਗਵਾੜਾ (ਡਾ. ਰਮਨ) ਸਮਾਜ ਸੇਵੀ ਜੱਥੇਬੰਦੀ ਪਰਿਆਸ ਵਲੋਂ ਸਥਾਨਕ ਹੁਸ਼ਿਆਰਪੁਰ ਰੋਡ ਚੌਕ ਸਥਿਤ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਿਖੇ ਸ਼ਾਨਦਾਰ ਨਹਿਰੂ ਪਾਰਕ ਵਿਕਸਤ ਕੀਤਾ ਗਿਆ ਹੈ। ਇਸ ਪਾਰਕ ਵਿੱਚ ਅਨੇਕਾਂ ਤਰ੍ਹਾਂ ਦੇ ਬੂਟੇ ਅਤੇ ਕੋਰੀਅਨ ਘਾਹ ਲਗਾਇਆ ਗਿਆ ਹੈ। ਜੱਥੇਬੰਦੀ ਦੇ ਕਨਵੀਨਰ ਸ਼ਕਤੀ ਮਹਿੰਦਰੂ ਨੇ ਦੱਸਿਆ ਕਿ ਪਰਿਆਸ ਸੰਸਥਾ ਵਲੋਂ ਇਸ ਸਕੂਲ ਨੂੰ 7 ਸਾਲ ਪਹਿਲਾਂ ਅਡਾਪਟ ਕੀਤਾ ਗਿਆ ਸੀ। ਇਸ ਦੌਰਾਨ ਸਕੂਲ ਦੇ ਵਾਤਾਵਰਣ ਨੂੰ ਸੁਖਾਵਾਂ ਬਨਾਉਣ ਲਈ ਕਈ ਛੋਟੇ-ਵੱਡੇ ਕਾਰਜ ਕਰਵਾਏ ਗਏ ਹਨ। ਜਿਹਨਾਂ ਦੀ ਬਦੌਲਤ ਸਕੂਲ ਦੀ ਦਿੱਖ 'ਚ ਕਾਫੀ ਸੁਧਾਰ ਹੋਇਆ ਹੈ। ਪਰਿਆਸ ਵਲੋਂ ਤਾਜਾ ਪ੍ਰੋਜੈਕਟ ਦੌਰਾਨ ਸਕੂਲ ਦੇ ਪਾਰਕ ਵਿੱਚ 30 ਤੋਂ ਵੱਧ ਫੁੱਲਾਂ ਤੇ ਦਰੱਖਤਾਂ ਦੇ ਬੂਟੇ ਲਗਾਏ ਗਏ। ਉਹਨਾਂ ਨੇ ਪ੍ਰੋਜੈਕਟ ਦੇ ਚੇਅਰਮੈਨ ਰਾਜਿੰਦਰ ਕੁਮਾਰ ਮਲਹੋਤਰਾ ਦਾ ਖਾਸ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਸੀਨੀਅਰ ਸਿਟੀਜਨ ਫਗਵਾੜਾ ਤੋਂ ਰਮੇਸ਼ ਧੀਮਾਨ, ਡੀ.ਐਸ ਜੱਸਲ, ਕੇ.ਐਲ ਗੋਗਨਾ, ਰਵੀ ਦੁਆ, ਡਾ. ਕੁਲਵੰਤ ਸਿੰਘ ਭਿੰਡਰ, ਮੋਤੀ ਲਾਲ ਵਰਮਾ, ਲੱਕੀ ਆਨੰਦ, ਹੈੱਡ ਟੀਚਰ ਨੀਤੂ ਪਾਲ, ਕਮਲਜੀਤ ਕੌਰ, ਸ਼ੈਲੀ ਕੋਹਲੀ ਤੇ ਕਮਲ ਕੁਮਾਰ ਸਮੇਤ ਸਕੂਲੀ ਵਿਦਿਆਰਥੀ ਹਾਜਰ ਸਨ।

ਢਾਹਾਂ ਕਲੇਰਾਂ ਨਰਸਿੰਗ ਕਾਲਜ ਦੀ ਬੀ ਐੱਸ ਸੀ ਨਰਸਿੰਗ ਤੀਸਰਾ ਸਾਲ ਕਲਾਸ ਦਾ ਸ਼ਾਨਦਾਰ ਨਤੀਜਾ

ਬੰਗਾ (ਅਵਤਾਰ ਕਲੇਰ) ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ ਐਸ ਸੀ ਤੀਸਰਾ ਸਾਲ ਦਾ 100 ਫੀਸਦੀ ਨਤੀਜਾ ਆਇਆ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਸੁਰਿੰਦਰ ਜਸਪਾਲ ਨੇ ਜਾਣਕਾਰੀ ਦਿੰਦੇ ਦਸਿਆ ਕਿ ਬੀ.ਐਸ.ਸੀ. ਨਰਸਿੰਗ ਤੀਜਾ ਸਾਲ ਕਲਾਸ ਵਿਚੋਂ ਵਿਦਿਆਰਥੀ ਤਮੰਨਾ ਬੰਗੜ ਪੁੱਤਰੀ ਹੁਸਨ ਲਾਲ - ਸੁਰਜੀਤ ਕੌਰ ਬਹਿਰਾਮ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ ਅਤੇ ਕਾਲਜ ਦੀ ਟੌਪਰ ਵਿਦਿਆਰਥੀ ਬਣੀ ਹੈ। ਜਦੋਂ ਕਿ ਦੂਜਾ ਸਥਾਨ ਯਾਦਪ੍ਰੀਤ ਕੌਰ ਪੁੱਤਰੀ ਗੁਰਮੀਤ ਸਿੰਘ - ਜਗਮੀਤ ਕੌਰ ਜ਼ਿਲ੍ਹਾ ਹੁਸ਼ਿਆਰਪੁਰ ਨੇ ਅਤੇ ਤੀਜਾ ਸਥਾਨ ਪਰਮਿੰਦਰ ਕੌਰ ਪੁੱਤਰੀ ਸੁਰਜੀਤ ਸਿੰਘ - ਲਛਮੀ ਦੇਵੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਪ੍ਰਾਪਤ ਕੀਤਾ ਹੈ। ਇਸ ਮੌਕੇ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸਮੂਹ ਵਿਦਿਆਰਥੀਆਂ ਨੂੰ, ਉਹਨਾਂ ਦੇ ਮਾਪਿਆਂ ਅਤੇ ਸਮੂਹ ਅਧਿਆਪਕਾਂ ਨੂੰ ਸ਼ਾਨਦਾਰ ਨਤੀਜੇ ਲਈ ਵਧਾਈਆਂ ਦਿੱਤੀਆਂ ਹਨ । ਸ਼ਾਨਦਾਰ ਨਤੀਜੇ ਦੀ ਜਾਣਕਾਰੀ ਦੇਣ ਵੇਲੇ ਅਮਰਜੀਤ ਸਿੰਘ ਕਲੇਰਾਂ ਸਕੱਤਰ, ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਕਾਲਜ ਆਫ ਨਰਸਿੰਗ, ਵਾਈਸ ਪ੍ਰਿੰਸੀਪਲ ਰਮਨਦੀਪ ਕੌਰ, ਪ੍ਰੋਫੈਸਰ ਸੁਖਮਿੰਦਰ ਕੌਰ, ਐਸੋਸੀਏਟ ਪ੍ਰੋਫੈਸਰ ਨਵਜੋਤ ਕੌਰ ਸਹੋਤਾ, ਐਸੋਸੀਏਟ ਪ੍ਰੋਫੈਸਰ ਰਾਬੀਆ ਹਾਣਾ, ਐਸੋਸੀਏਟ ਪ੍ਰੋਫੈਸਰ ਵੰਦਨਾ ਬਸਰਾ ਵੀ ਹਾਜ਼ਰ ਸਨ ।

ਗ੍ਰੈਜੂਏਸ਼ਨ ਸੈਰੇਮਨੀ ਤੇ ਸਾਲਾਨਾ ਇਨਾਮ ਵੰਡ ਸਮਾਗਮ ਯਾਦਗਾਰੀ ਹੋ ਨਿੱਬੜਿਆ

ਭਲਾਣ (ਹਰਭਜਨ ਢਿੱਲੋਂ) ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਸੁਖਸਾਲ ਦੇ ਵਿਹੜੇ ਵਿੱਚ ਸਾਲਾਨਾ ਇਨਾਮ ਵੰਡ ਸਮਾਗਮ ਅਤੇ ਨਤੀਜਾ ਸਮਾਰੋਹ ਕਰਵਾਇਆ ਗਿਆ। ਜਿਸ ਦੇ ਮੁੱਖ ਮਹਿਮਾਨ ਸ਼੍ਰੀ ਧੰਨਵੰਤਰੀ ਮਲਟੀਸਪੈਸ਼ਲਟੀ ਔਸ਼ਧਾਲਿਆ ਐਂਡ ਮੈਟਰਨਿਟੀ ਸ਼ੈਂਟਰ ਗੋਹਲਣੀ ਹਸਪਤਾਲ ਦੇ ਡਾਕਟਰ ਅਨੁਰਾਧਾ ਨੇ ਬੱਚਿਆਂ ਨੂੰ ਮਿਸ਼ਨ ਤੰਦਰੁਸਤ ਸਿਹਤ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਦੇ ਨਾਲ-ਨਾਲ ਉਨ੍ਹਾਂ ਵਲੋਂ ਮੁਫਤ ਮੈਡੀਕਲ ਚੈੱਕਅਪ ਕੈਂਪ ਵੀ ਲਗਾਇਆ ਗਿਆ ਜਿਸ ਵਿੱਚ ਦਵਾਈਆਂ , ਈ ਸੀ ਜੀ , ਥਰੈਪੀ ਆਦਿ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ। ਸਕੂਲ ਮੁਖੀ ਅਮਰਜੀਤ ਭੱਲੜੀ ਵਲੋਂ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ਗਈ ਅਤੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਬਲਾਕ ਸਿੱਖਿਆ ਅਫਸਰ ਯੋਗ ਰਾਜ ਵਲੋਂ ਲੋਕਾਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ। ਸੀ ਐਚ ਟੀ ਰਮਨਜੀਤ ਸੈਣੀ ਨੇ ਸਰਕਾਰੀ ਸਕੂਲਾਂ ਵਿੱਚ ਚੱਲ ਰਹੇ ਮਿਸ਼ਨ ਸਮਰੱਥ ਬਾਰੇ ਜਾਣਕਾਰੀ ਦਿੱਤੀ। ਸੁਰੇਸ਼ ਰਿੰਕਾ ਨੇ ਬੱਚਿਆਂ ਦੀ ਪੇਸ਼ਕਾਰੀ ਤੋਂ ਖੁਸ਼ ਹੋ ਕੇ ਪੰਚਾਇਤ ਵਲੋਂ ਬੱਚਿਆਂ ਨੂੰ ਟੂਰ 'ਤੇ ਲੈ ਕੇ ਜਾਣ ਦਾ ਵਾਅਦਾ ਕੀਤਾ।ਬੱਚਿਆਂ ਵਲੋਂ ਸੱਭਿਆਚਾਰਕ ਵੰਨਗੀਆਂ ਜਿਵੇਂ ਕੋਰੀਓਗ੍ਰਾਫੀ, ਭਾਸ਼ਣ, ਲੋਕ ਗੀਤ, ਸਕਿੱਟਾਂ ਪੰਜਾਬ ਦਾ ਲੋਕਾ ਨਾਚ ਗਿੱਧਾ ਅਤੇ ਭੰਗੜਾ ਪੇਸ਼ ਕਰ ਕਰਕੇ ਦਰਸ਼ਕਾਂ ਦਾ ਦਿਲ ਜਿੱਤ ਲਿਆ। ਇਸ ਮੌਕੇ ਵੈਦ ਰਾਮ ਸਿੰਘ, ਚੇਅਰਮੈਨ ਮੋਹਨ ਲਾਲ, ਨੰਬਰਦਾਰ ਵਿਪਨ ਸ਼ਰਮਾ, ਬਲਾਕ ਮਾਸਟਰ ਟਰੇਨਰ ਅਮਰਜੀਤ ਸਿੰਘ ਹੀਰਾ, ਤਰਲੋਚਨ ਸਿੰਘ ਭੱਟੀ, ਪਹੂ ਲਾਲ ਸ਼ਰਮਾ ਆਦਿ ਸਰਕਾਰੀ ਸਕੂਲਾਂ ਵਿੱਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਦੱਸਦੇ ਹੋਏ ਲੋਕਾਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਲਈ ਜਾਗ੍ਰਤ ਕੀਤਾ। ਮੋਹਰਲੀ ਕਤਾਰ ਦੇ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਵਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਗਰੈਜੂਏਸ਼ਨ ਸੈਰੇਮਨੀ ਦੌਰਾਨ ਪ੍ਰੀ ਪ੍ਰਾਇਮਰੀ ਬੱਚਿਆਂ ਨੂੰ ਵੀ ਯਾਦਗਾਰੀ ਚਿੰਨ੍ਹ ਪ੍ਰਦਾਨ ਕੀਤੇ ਗਏ। ਇਸ ਮੌਕੇ ਸੁਖਵਿੰਦਰ ਕੌਰ ਸੰਧੂ, ਨੀਲਮ ਕੁਮਾਰੀ, ਮਨਜੀਤ ਕੌਰ, ਦੀਪਿਕਾ ਸ਼ਰਮਾ, ਮੇਘਾ, ਮਮਤਾ ਸ਼ਰਮਾ, ਰਜਨੀ, ਪੂਜਾ, ਕੁਲਵੀਰ ਕੌਰ, ਰਵਿੰਦਰ ਕੌਰ, ਚਮਨ ਲਾਲ, ਅਨਿਲ ਗਿੱਲਸੁਖਦੇਵ ਸਿੰਘ ਭੱਲੜੀ, ਨਾਨਕ ਸਿੰਘ ਲੱਕੀ, ਰਾਜੀਵ ਕੁਮਾਰ ਸ਼ਿਬੂ, ਓਮਕਾਰ ਚੰਦ, ਬਿੱਲਾ, ਨਿੱਕੂ, ਰਕੇਸ਼ ਕੁਮਾਰ, ਮੰਗਲ ਸਿੰਘ ਮੰਨੂ, ਅਜੇ ਕੌਸ਼ਲ, ਧਰਮਪਾਲ, ਰਾਕੇਸ਼ ਕੁਮਾਰ ਸੈਣੀ ਪ੍ਰਧਾਨ ਪ੍ਰੈਸ ਕਲੱਬ ਨੰਗਲ ਆਦਿ ਬਹੁ ਗਿਣਤੀ ਵਿੱਚ ਮਾਪੇ ਹਾਜ਼ਰ ਸਨ। ਸਟੇਜੀ ਕਾਰਵਾਈ ਅਮਰਜੀਤ ਭੱਲੜੀ ਨੇ ਨਿਭਾਈ।

ਸਿੱਧ ਬਾਬਾ ਬਾਲਕ ਨਾਥ ਦੀ ਚੌਕੀ ਤੇ ਭੰਡਾਰਾ ਲਗਾਇਆ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਭੁੰਗਰਨੀ ਵਿਖੇ ਸਿੱਧ ਬਾਬਾ ਬਾਲਕ ਨਾਥ ਜੀ ਦੀ ਸਾਲਾਨਾ ਚੌਕੀ ਅਤੇ ਲੰਗਰ ਭੰਡਾਰਾ ਲਗਾਇਆ ਗਿਆ। ਇਸ ਮੌਕੇ ਮੁੱਖ ਸੇਵਾਦਾਰ ਜਰਨੈਲ ਸਿੰਘ ਨੇ ਪੂਜਾ ਅਰਚਨਾ ਉਪਰੰਤ ਝੰਡੇ ਦੀ ਰਸਮ ਸੰਤਾਂ ਵੱਲੋਂ ਅਦਾ ਕੀਤੀ ਗਈ। ਸੰਦੀਪ ਉਦੇਵਾਲ ਐਂਡ ਪਾਰਟੀ ਬਲਾਚੌਰ ਨੇ ਬਾਬਾ ਜੀ ਦੇ ਗੁਣਗਾਨ ਕੀਤੇ। ਬੀਬੀ ਰਤਨ ਕੌਰ ਨਰੂੜ, ਭਗਤ ਰਾਮ ਲਾਲ ਨਰੂੜ, ਬੀਬੀ ਸੀਮਾ ਆਦਿ ਮਹਾਂਪੁਰਸ਼ਾਂਨੇ ਪੁੱਜ ਕੇ ਹਾਜ਼ਰੀ ਭਰੀ। ਪ੍ਰਬੰਧਕਾਂ ਵੱਲੋਂ ਸਹਯੋਗੀਆਂ ਨੂੰ ਸਿਰਪਾਉਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਮੁੱਖ ਸੇਵਾਦਾਰ ਜਰਨੈਲ ਸਿੰਘ ਜੈਲਾ, ਮਨਪ੍ਰੀਤ ਕੌਰ, ਸੀਮਾ, ਦਲਜੀਤ ਕੌਰ, ਨਸ਼ੀਬ ਚੰਦ, ਗੁਰਪ੍ਰੀਤ ਸਿੰਘ, ਗਿਆਨ ਚੰਦ, ਅਮਰੀਕ, ਗਿਆਨ ਚੰਦ, ਪੱਤਰਕਾਰ ਜਸਵੀਰ ਸਿੰਘ ਮੁੱਖਲਿਆਣਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਸਮਾਗਮ ਦੌਰਾਨ ਚਾਹ ਪਕੌੜੇ ਅਤੇ ਬਾਬਾ ਜੀ ਦਾ ਲੰਗਰ ਭੰਡਾਰਾ ਅਤੁੱਟ ਵਰਤਿਆ ਗਿਆ।

ਚੌਂਟਾਲਾ ਵਿਖੇ ਮਹਾਂ ਕੁਸ਼ਤੀ ਦੰਗਲ ਮੁਕਾਬਲੇ ਭਲਕੇ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਪੀਰ ਬਾਬਾ ਮਖਤੂਮ ਸ਼ਾਹ ਜੀ ਪਿੰਡ ਚੌਂਟਾਲਾ ਵਿਖੇ ਖਿਡਾਰੀਆਂ ਨੂੰ ਉਤਸ਼ਾਹਤ ਕਰਨ ਦੇ ਮੰਤਵ ਨਾਲ ਕਾਰਜ ਕਰ ਰਹੇ ਚੜ੍ਹਦਾ ਪੰਜਾਬ ਸਪੋਰਟਸ ਕਲੱਬ ਹੁਸ਼ਿਆਰਪੁਰ ਵੱਲੋਂ ਪਹਿਲਾ ਕੁਸ਼ਤੀ ਮਹਾਂ ਦੰਗਲ 31 ਮਾਰਚ ਦਿਨ ਐਤਵਾਰ ਪਿੰਡ ਚੌਂਟਾਲਾ ਵਿਖੇ ਕਰਵਾਇਆ ਜਾਵੇਗਾ। ਸਰਪੰਚ ਅਮਰੀਕ ਸਿੰਘ,ਪੰਚ ਸੁਰਿੰਦਰ ਕੁਮਾਰ ਲੱਡੂ, ਮਾਨੀ,ਸਾਂਬੀ, ਕੁਲਦੀਪ ਕੁਮਾਰ, ਮਨਜੋਤ ਗੁਰਾਇਆ, ਪ੍ਰਬੰਧਕ ਕੁਲਦੀਪ ਕੀਪਾ, ਜਗਵੀਰ ਸਿੰਘ ,ਲਖਵਿੰਦਰ ਸਿੰਘ, ਸਰਦੂਲ ਸਿੰਘ ਤੇ ਹੋਰਨਾਂ ਨੇ ਦੱਸਿਆ ਕਿ ਚੜ੍ਹਦਾ ਪੰਜਾਬ ਸਪੋਰਟਸ ਕਲੱਬ ਪੰਜਾਬ ਵੱਲੋਂ ਕਿਸਾਨ ਜਥੇਬੰਦੀ ਸਾਡਾ ਏਕਾ ਜਿੰਦਾਬਾਦ ਸਾਂਝਾ ਮੋਰਚਾ ਪੰਜਾਬ, ਗਰਾਮ ਪੰਚਾਇਤ ਚੌਂਟਾਲਾ, ਪ੍ਰਵਾਸੀ ਭਾਰਤੀਆਂ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਇੰਟਰਨੈਸ਼ਨਲ ਕਬੱਡੀ ਖਿਡਾਰੀ ਲੱਡੂ ਚੁਟਾਲਾ ਅਤੇ ਸਮਾਜ ਸੇਵੀ ਅਵਤਾਰ ਸਿੰਘ ਸੋਖੋਂ ਨੇ ਦੀ ਅਗਵਾਈ ਵਿੱਚ ਦੁਪਹਿਰ 2 ਵਜੇ ਤੋਂ ਦੇਰ ਸ਼ਾਮ ਤੱਕ ਹੋਣ ਵਾਲੇ ਕੁਸ਼ਤੀ ਮਹਾ ਦੰਗਲ ਮੁਕਾਬਲਿਆਂ ਵਿੱਚ ਸਭ ਤੋਂ ਪਹਿਲਾਂ ਪੀਰ ਬਾਬਾ ਮਖਤੂਮ ਸ਼ਾਹ ਜੀ ਦੇ ਪਵਿੱਤਰ ਅਸਥਾਨ 'ਤੇ ਝੰਡਾ ਚੜ